ੴ ਵਾਹਿਗੁਰੂ ਜੀ ਕੀ ਫ਼ਤਹਿ।।

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 16/02 ਫਰਵਰੀ 2016 – ਨਾਨਕਸ਼ਾਹੀ ਮਾਘ-ਫਗੁਣ ੫੪੭

## ਇਤਿਹਾਸਿਕ ਦਿਹਾੜੇ

### ਫਰਵਰੀ ਅਤੇ ਮਾਰਚ 2016

| | |
|---|---|
| ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਜੀ | 1 ਫਰਵਰੀ |
| ਵੱਡਾ ਘੱਲੂਘਾਰਾ (ਕੁੱਪ ਰਹੀੜਾ) | 12 ਫਰਵਰੀ |
| ਸਾਕਾ ਨਨਕਾਣਾ ਸਾਹਿਬ | 21 ਫਰਵਰੀ |
| ਜੈਤੋ ਦਾ ਮੋਰਚਾ | 21 ਫਰਵਰੀ |
| ਹੋਲਾ ਮਹੱਲਾ | 24 ਮਾਰਚ |

**ਜਨਰਲ ਇੱਕਤਰਤਾ : ਮਿਤੀ 6 ਮਾਰਚ 2016 (ਦਿਨ ਐਤਵਾਰ) 10.30 ਵਜੇ**
**ਏਜੰਡਾ ਨੋਟਿਸ ਅੰਦਰੋ ਪੜੋ ਜੀ**

**www.gurmatparsar.com**

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)
ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਸਾਲਾਨਾ ਜਨਰਲ ਇਕੱਤ੍ਰਤਾ

## ਮਿਤੀ 06-03-2016 (ਐਤਵਾਰ)

ਗੁਰਮਖਿ ਪਿਆਰੇ ਵੀਰ ਜੀਓ/ ਭੈਣ ਜੀਓ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ ॥

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦੀ ਸਾਲਾਨਾ ਜਨਰਲ ਇਕੱਤ੍ਰਤਾ, ਐਤਵਾਰ ਮਿਤੀ 06-03-2016 ਨੂੰ ਸਵੇਰੇ 10.30 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਹੋਣੀ ਨੀਯਤ ਹੋਈ ਹੈ । ਸਮੂਹ ਮੈਂਬਰਾਂ ਨੂੰ ਸਮੇਂ ਸਿਰ ਪੁੱਜਣ ਲਈ ਬੇਨਤੀ ਹੈ। ਇੱਕਤ੍ਰਤਾ ਦਾ ਏਜੰਡਾ ਹੇਠ ਲਿਖੇ ਅਨੁਸਾਰ ਹੋਵੇਗਾ :-

(1) ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੀਆਂ ਗਤੀਵਿਧੀਆਂ ਦੀ ਸਾਲਾਨਾ ਰਿਪੋਰਟ ਅਤੇ ਉਸਦੀ ਪ੍ਰਵਾਨਗੀ ।

(2) ਸੋਸਾਇਟੀ ਦੇ ਸਾਲ 2015-2016 (ਜਨਵਰੀ 2016) ਤੱਕ ਦੇ ਆਮਦਨ ਖਰਚ ਦੇ ਹਿਸਾਬ ਕਿਤਾਬ ਦਾ ਵੇਰਵਾ ਅਤੇ ਉਸਦੀ ਪ੍ਰਵਾਨਗੀ ।

(3) ਸਾਲ 2014-2015 ਦੀ ਆਡਿਟਿਡ ਰਿਪੋਰਟ ਸੂਚਨਾ ਲਈ ਪੇਸ਼ਕਾਰੀ ।

(4) ਸਾਲ 2016-2017 ਵਿੱਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦੀ ਯੋਜਨਾ ਦੀ ਪ੍ਰਵਾਨਗੀ ।

(5) ਸਾਲ 2016-2017 ਵਿੱਚ ਹੋਣ ਵਾਲੇ ਖਰਚਿਆਂ ਦੇ ਬਜਟ ਦੀ ਪ੍ਰਵਾਨਗੀ ।

(6) ਮੈਂਬਰ ਸਾਹਿਬਾਨ ਦੁਆਰਾ ਸੋਸਾਇਟੀ ਨੂੰ ਚੜ੍ਹਦੀ ਕਲਾ ਵਿੱਚ ਲੈ ਜਾਣ ਲਈ ਸੁਝਾਓ ।

(੭) ਵਰਤਮਾਨ ਗਵਰਨਿੰਗ ਬਾਡੀ ਦੁਆਰਾ ਪਦ ਤਿਆਗਣਾ।

## ਸੋਸਾਇਟੀ ਦੇ ਮੁੱਖ ਸੇਵਾਦਾਰ ਦੀ ਚੌਣ

(a) ਚੌਣ ਲਈ Returning Officer ਦੀ ਨਿਯੁਕਤੀ (b) ਮੁੱਖ ਸੇਵਾਦਾਰ ਦੀ ਚੌਣ

ਇਹ ਸਾਲਾਨਾ ਜਨਰਲ ਇਕੱਤ੍ਰਤਾ ਹਰ ਸਾਲ ਦੀ ਤਰ੍ਹਾਂ ਪ੍ਰਵਾਰਾਂ ਦੀ ਪ੍ਰੀਤ ਮਿਲਣੀ ਦੇ ਰੂਪ ਵਿੱਚ ਹੋਵੇਗੀ। ਪ੍ਰਵਾਰਾਂ ਸਮੇਤ ਸਮੇਂ ਸਿਰ ਹਾਜ਼ਰੀਆਂ ਭਰਨ ਦੀ ਖੇਚਲ ਕਰਨੀ ਜੀ ।

ਆਪ ਜੀ ਦਾ ਵੀਰ,

ਪ੍ਰਿੰਸੀਪਲ ਨਰਿੰਦਰ ਬੀਰ ਸਿੰਘ, ਜਨਰਲ ਸਕੱਤਰ

## ਲੰਗਰ ਦੀ ਸੇਵਾ :-

ਇਕਤ੍ਰਤਾ ਲਈ ਲੰਗਰ ਹਰ ਸਾਲ ਦੀ ਤਰ੍ਹਾਂ ਹੀ ਘਰਾਂ ਤੋਂ ਬਣ ਕੇ ਆਵੇਗਾ, ਜਿਸ ਲਈ ਦਸ - ਦਸ ਪ੍ਰਵਾਰ ਕੋਈ ਇੱਕ ਆਈਟਮ ਅਤੇ ੧੫ ਸਾਦੇ ਪਰਾਂਠੇ ਬਣਾ ਕੇ ਲਿਆਉਣ ਦੀ ਸੇਵਾ ਕਰਨ ।

(1) ਸਾਬਤ ਮੂੰਗੀ 1 ਕਿਲੋ (800 ਗ੍ਰਾਮ ਮੂੰਗੀ / 200 ਗ੍ਰਾਮ ਚਨੇ ਦੀ ਦਾਲ)

(2) ਪਨੀਰ ਇਕ ਕਿਲੋ (ਰੱਸ ਭਿਨਾ) (3) ਮਿਕਸਡ ਵੈਜੀਟੇਬਲ 2 ਕਿਲੋ

(4) ਖੀਰ 3 ਕਿਲੋ ਦੁੱਧ ਦੀ (5)20 ਪ੍ਰਵਾਰ ਸਿਰਫ ਪਰਾਂਠੇ ਲਿਆਉਣ ਦੀ ਸੇਵਾ ਕਰਨ

ਆਪ ਜੀ ਜਿਸ ਆਈਟਮ ਦੀ ਵੀ ਸੇਵਾ ਕਰਨਾ ਚਾਹੋ, ਕ੍ਰਿਪਾ ਕਰਕੇ 26-02-2016 ਸ਼ਾਮ ਤੱਕ ਭਾਈ ਹਰਵੀਰ ਸਿੰਘ (ਫੋਨ:9417190438) ਜਾਂ ਜਨਰਲ ਸਕਤ੍ਰ (ਫੋਨ: 98761-77803) ਤੇ ਜ਼ਰੂਰ ਇਤਲਾਹ ਦੇ ਦਿਓ ਜੀ ।

ੴ ਵਾਹਿਗੁਰੂ ਜੀ ਕੀ ਫ਼ਤਹਿ ॥

## ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ (ਜੀਵਨ ਜੁਗਤਿ)

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

ਮਾਝ ਬਾਰਹਮਾਹਾ (ਮ: ੫) ਅੰਗ ੧੩੬

**ਪਦ ਅਰਥ**:- ਫਲਗੁਣਿ-ਫੱਗਣ(ਮਹੀਨੇ)ਵਿੱਚ।ਉਪਾਰਜਨਾ-ਉਪਜ,ਪ੍ਰਕਾਸ਼।ਰਾਮ ਕੇ ਸਹਾਈ ਪਰਮਾਤਮਾ ਨਾਲ ਮਿਲਣ ਵਿੱਚ ਸਹਾਇਤਾ ਕਰਨ ਵਾਲੇ ।ਸੇਜ-ਹਿਰਦਾ।ਜਾਇ-ਥਾਂ। ਵਰੁ-ਖਸਮ ਪ੍ਰਭੂ। ਗਾਵਹੀ ਗਾਵਹਿ,ਗਾਂਦੀਆਂ ਹਨ।ਮੰਗਲੁ-ਖੁਸ਼ੀਦਾ ਗੀਤ ,ਆਤਮਕ ਆਨੰਦ ਪੈਦਾ ਕਰਨ ਵਾਲਾ ਗੀਤ,ਸਿਫ਼ਤ-ਸਲਾਹ ਦੀ ਬਾਣੀ ।ਅਲਾਇ ਉਚਾਰ ਕੇ,ਅਲਾਪ ਕੇ । ਦਿਸਦੀ-ਦਿੱਸਦਾ । ਲਵੈ-ਨੇੜੈ।ਲਵੈ ਲਾਉਣੇ-ਨੇੜੇ-ਤੇੜੇ,ਇਰਦ ਗਿਰਦ,ਲਵੈ ਨ ਲਾਇ -ਲਵੈ ਲਾਉਣੇ ਨਹੀਂ ਨੇੜੇ ਤੇੜੇ ਦਾ ਨਹੀ ,ਬਰਾਬਰੀ ਕਰਨ ਜੋਗਾ ਨਹੀ । ਹਲਤ-ਇਹ ਲੋਕ ।ਪਲਤ-ਪਰ ਲੋਕ,ਸਵਾਰਿਓਨ-ਉਸ(ਹਰੀ)ਨੇ ਰੱਖ ਲਏ ।ਧਾਇ-ਧਾਈ,ਭਟਕਣਾ।ਪਾਇ-ਪੈ ਕੇ।ਤਿਲੁ-ਰਤਾ ਭੀ। ਤਮਾਇ-ਤਮ੍ਹਾ,ਲਾਲਚ।

**ਅਰਥ**:- (ਸਿਆਲੀ ਰੁੱਤ ਦੀ ਕਰੜੀ ਸਰਦੀ ਪਿੱਛੋਂ ਬਹਾਰ ਪਿਰਨ ਤੇ ਫੱਗਣ ਦੇ ਮਜੀਨੇ ਵਿੱਚ ਲੋਕ ਹੋਲੀਆਂ ਦੇ ਰੰਗ ਤਮਾਸ਼ਿਆਂ ਦੀ ਰਾਹੀਂ ਖੁਸ਼ੀਆਂ ਮਨਾਂਦੇ ਹਨ,ਪਰ)ਫਗਣ ਵਿੱਚ (ਉਹਨਾਂ ਜੀਵ ਇਸਤਰੀਆਂ ਦੇ ਅੰਦਰ) ਆਤਮਕ ਅਨੰਦ ਪੈਦਾ ਹੁੰਦਾ ਹੈ ,ਜਿਨ੍ਹਾਂ ਦੇ ਹਿਰਦੇ ਵਿੱਚ ਸੱਜਣ-ਹਰੀ ਪਰਤੱਖ ਆ ਵੱਸਦਾ ਹੈ ਪਰਮਾਤਮਾ ਨਾਲ ਮਿਲਣ ਵਿੱਚ ਸਹਾਇਤਾ ਕਰਨ ਵਾਲੇ ਸੰਤ ਜਨ ਮਿਹਰ ਕਰ ਕੇ ਉਹਨਾਂ ਨੂੰ ਪ੍ਰਭੂ ਨਾਲ ਜੋੜ ਦਿੰਦੇ ਹਨ ਉਹਨਾ ਦੀ ਹਿਰਦਾ ਸੇਜ ਸੁੰਦਰ ਬਣ ਜਾਂਦੀ ਹੈ,ਉਹਨਾਂ ਨੂੰ ਸਾਰੇ ਹੀ ਸੁੱਖ ਪ੍ਰਾਪਤ ਹੋ ਜਾਂਦੇ ਹਨ ਫਿਰ ਦੁੱਖਾ ਲਈ (ਉਹਨਾਂ ਦੇ ਹਿਰਦੇ ਵਿੱਚ) ਕਿਤੇ ਰਤਾ ਥਾਂ ਨਹੀ ਰਹਿ ਜਾਂਦੀ ਉਹਨਾਂ ਵਡਭਾਗਣ ਜੀੜ-ਇਸਤਰੀਆਂ ਦੀ ਮਨੋ ਕਾਮਨਾ ਪੂਰੀ ਹੋ ਜਾਂਦੀ ਹੈ,ਉਹਨਾਂ ਨੂੰ ਹਰੀ ਪ੍ਰਭੂ ਖਸਮ ਮਿਲ ਪੈਦਾ ਹੈ ,ਉਹ ਸੰਤ ਸੰਗੀ ਸਹੇਲੀਆਂ ਨਾਲ ਰਲ ਕੇ ਗੋਵਿੰਦ ਦੀ ਸਿਫਤਿ ਸਲਾਹ ਦੇ ਗੀਤ ਅਲਾਪ ਕੇ ਆਤਮਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਂਦੀਆਂ ਹਨ। ਪਰਮਾਤਮਾ ਵਰਗਾ ਕੋਈ ਹੋਰ ,ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਉਹਨਾਂ ਨੂੰ ਕਿਤੇ ਦਿੱਸਦਾ ਹੀ ਨਹੀਂ।

ਉਸ ਪ੍ਰਮਾਤਮਾ ਨੇ (ਉਹਨਾਂ ਸਤ-ਸੰਗੀਆਂ ਦਾ) ਲੋਕ ਪਰਲੋਕ ਸਵਾਰ ਦਿੱਤਾ ਹੈ,ਉਹਨਾ ਨੂੰ (ਆਪਣੇ ਚਰਨਾ ਵਿੱਚ ਲਿਵ-ਲੀਨਤਾ ਵਾਲੀ ) ਐਸੀ ਥਾਂ ਬਖਸ਼ੀ ਹੈ। ਜੋ ਕਦੇ ਢੋਲਦੀ ਨਹੀਂ ਪ੍ਰਭੂ ਨੇ ਸੰਸਾਰ ਸਮੁੰਦਰ ਤੋਂ ਉਹਨਾਂ ਨੂੰ (ਹੱਥ ਦੇ ਕੇ) ਰੱਖ ਲਿਆਂ ਹੈ,ਜਨਮਾ ਦੇ ਗੇੜ ਵਿਚ ਮੁੜ ਉਹਨਾਂ ਦੀ ਦੌੜ ਭੱਜ ਨਹੀ ਹੁੰਦੀ।

ਹੇ ਨਾਨਕ (ਆਖ) ਸਾਡੀ ਇੱਕ ਜੀਤ ਹੈ ,ਪ੍ਰਭੂ ਦੇ ਅਨੇਕਾਂ ਹੀ ਗੁਣ ਹਨ (ਅਸੀ ਉਹਨਾਂ ਨੂੰ ਬਿਆਨ ਕਰਨ ਜੋਗੇ ਨਹੀਂ ਹਾਂ,ਪਰ)ਜਿਹੜੇ ਜੀਵ ਉਸ ਦੀ ਚਰਨੀਂ ਪੈਦੇਂ ਹਨ (ਉਸ ਦਾ ਆਸਰਾ ਤੱਕਦੇ ਹਨ)ਉਹ ਸੰਸਾਰ-ਸਮੁੰਦਰ ਤੋਂ) ਤਰ ਜਾਂਦੇ ਹਨ ।

ਫੱਗਣ ਦੇ ਮਹੀਨੇ ਵਿੱਚ (ਹੋਲੀਆਂ ਆਦਿਕ ਵਿੱਚੋਂ ਅਨੰਦ ਲੱਭਣ ਦੇ ਥਾਂ)ਸਦਾ ਉਸ ਪਰਮਾਤਮਾ ਦੀ ਸਿਫ਼ਤਿ-ਸਲਾਹ ਕਰਨੀ ਚਾਹੀਦੀ ਹੈ,ਜਿਸ ਨੂੰ (ਆਪਣੀ ਵਡਿਆਈ ਕਰਾਣ ਦਾ) ਰਤਾ ਭਰ ਭੀ ਲਾਲਚ ਨਹੀਂ ਹੈ (ਇਸ ਵਿਚ ਸਾਡਾ ਹੀ ਭਲਾ ਹੈ)।੨੩।

# ਸ੍ਰੀ ਗੁਰੂ ਹਰਿਰਾਇ ਜੀ

ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਜਨਮ ਕੀਰਤਪੁਰ ਵਿੱਖੇ 16 ਜਨਵਰੀ ਸੰਨ 1630 ਨੂੰ ਬਾਬਾ ਗੁਰਦਿੱਤਾ ਜੀ ਦੇ ਘਰ ਹੋਇਆ। ਬਾਬਾ ਗੁਰਦਿੱਤਾ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੱਭ ਤੋਂ ਵੱਡੇ ਸਾਹਿਬਜ਼ਾਦੇ ਸਨ। ਕੀਰਤਪੁਰ ਨਗਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਨਾਲ ਸੰਨ 1627 ਵਿੱਚ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ। ਇਸ ਥਾਂ ਤੇ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ। ਗੁਰੂ ਜੀ ਦੀ ਮਾਤਾ ਦਾ ਨਾਮ ਨਿਹਾਲ ਕੌਰ ਜੀ ਸੀ। ਗੁਰੂ ਹਰਿਰਾਇ ਜੀ ਦਾ ਵਿਆਹ ਅਨੂਪ ਸ਼ਹਿਰ, ਜ਼ਿਲ੍ਹਾ ਬੁਲੰਦ ਸ਼ਹਿਰ, (ਉੱਤਰ ਪ੍ਰਦੇਸ਼) ਨਿਵਾਸੀ ਸ੍ਰੀ ਦਇਆ ਰਾਮ ਜੀ ਦੀ ਸਪੁੱਤਰੀ ਕਿਸ਼ਨ ਕੌਰ (ਸੁਲੱਖਣੀ) ਜੀ ਨਾਲ ਸੰਨ 1640 ਵਿੱਚ ਹੋਇਆ, ਜਿਹਨਾਂ ਦੀ ਕੁੱਖ ਤੋਂ ਦੋ ਪੁੱਤਰ ਬਾਬਾ ਰਾਮਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਪੈਦਾ ਹੋਏ।

ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ ਸੰਨ 1644 ਨੂੰ ਜੋਤੀ ਸਮਾਏ ਤੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਿਰਾਇ ਸਾਹਿਬ ਨੂੰ ਸੌਂਪ ਦਿੱਤੀ। ਉਸ ਸਮੇਂ ਗੁਰੂ ਹਰਿਰਾਇ ਸਾਹਿਬ ਦੀ ਉਮਰ 14 ਸਾਲ ਦੇ ਕਰੀਬ ਸੀ।

ਸੰਨ 1646 ਵਿੱਚ ਪੰਜਾਬ ਵਿੱਚ ਕਾਲ ਪੈ ਗਿਆ। ਤਿੰਨ ਸਾਲ ਬੜੀ ਔੜ ਲੱਗੀ ਰਹੀ। ਲੋਕ ਰੋਟੀ ਦੀ ਇਕ-ਇਕ ਬੁਰਕੀ ਲਈ ਤਰਸਣ ਲੱਗੇ। ਮਨੁੱਖ ਮਨੁੱਖਾਂ ਨੂੰ ਖਾਣ ਲੱਗੇ। ਗੁਰੂ ਹਰਿਰਾਇ ਸਾਹਿਬ ਦੇ ਸਾਹਮਣੇ ਆਪਣੇ ਦਾਦਾ ਅਤੇ ਪੜਦਾਦਾ ਜੀ ਦੇ ਪਾਏ ਪੂਰਨੇ ਮੌਜੂਦ ਸਨ। ਜਿਹੜਾ ਦਸਵੰਧ ਗੁਰੂ ਅਰਜੁਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਗਰੀਬਾਂ ਦੇ ਕੰਮ ਆਇਆ ਸੀ, ਉਹ ਦਸਵੰਧ ਹੁਣ ਵੀ ਕਾਲ-ਪੀੜਤਾਂ ਲਈ ਵਰਤਿਆ ਗਿਆ। ਸਿੱਖਾਂ ਦੀ ਗਿਣਤੀ ਵੀ ਵੱਧ ਚੁੱਕੀ ਸੀ। ਦੂਸਰੇ ਪ੍ਰਾਂਤਾਂ ਵਿਚੋਂ ਸੁਖੀ ਵਸਦੇ ਸਿੱਖਾਂ ਨੇ ਕਾਲ ਪੀੜਤਾਂ ਲਈ ਦਿਲ ਖੋਲ੍ਹ ਕੇ ਮਾਇਆ ਦਿੱਤੀ।

ਜਦੋਂ ਸ਼ਾਹ ਜਹਾਨ ਨੇ ਹੁਕਮ ਦਿੱਤਾ ਕਿ ਸਭ ਨਵੇਂ ਬਣੇ ਮੰਦਰ ਢਾਹ ਦਿੱਤੇ ਜਾਣ ਤੇ ਪੁਰਾਣੇ ਮੰਦਰਾਂ ਦੀ ਮੁਰੰਮਤ ਵੀ ਨਾ ਹੋਣ ਦਿੱਤੀ ਜਾਏ ਤਾਂ ਹਿੰਦੂ ਜਨਤਾ ਉੱਤੇ ਸਹਿਮ ਪੈ ਗਿਆ। ਭਾਵੇਂ ਇਹ ਹੁਕਮ ਸਿੱਖਾਂ ਦੇ ਧਰਮ ਅਸਥਾਨਾਂ ਉੱਤੇ ਲਾਗੂ ਨਹੀਂ ਸੀ, ਕਿਉਂਕਿ ਸਿੱਖ ਮੂਰਤੀ-ਪੂਜ ਨਹੀਂ ਸਨ ਪਰ ਗੁਰੂ ਰਹਿਰਾਇ ਸਾਹਿਬ ਦੇ ਸਾਹਮਣੇ ਤਾਂ ਸਿੱਖੀ ਦਾ ਇਹ ਅਸੂਲ ਸੀ ਕਿ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਵੋ। ਇਸ ਲਈ ਆਪ ਨੇ ਸਹਿਮੇ ਹੋਏ ਹਿੰਦੂਆਂ ਨੂੰ ਸਹਾਰਾ ਦੇਣ ਲਈ ਕੀਰਤਪੁਰ ਦੇ ਆਸ-ਪਾਸ ਦੇ ਇਲਾਕੇ ਵਿੱਚ ਪ੍ਰਚਾਰ ਕੀਤਾ। ਫਿਰ ਗੁਰੂ ਜੀ ਕੀਰਤਪੁਰ ਤੋਂ ਕਰਤਾਰਪੁਰ ਚਲੇ ਗਏ ਤੇ ਕਰਤਾਰਪੁਰ ਤੋਂ ਨੂਰਮਹਲ, ਡਰੋਲੀ, ਭਾਈ ਰੂਪਾ ਆਦਿਕ ਨਗਰਾਂ ਤੋਂ ਹੁੰਦੇ ਹੋਏ ਪਿੰਡ ਮੇਹਰਾਜ ਪੁੱਜੇ। ਇਥੋਂ ਦੇ ਚੌਧਰੀ ਭਾਈ ਰੂਪਾ ਆਦਿਕ ਨਗਰਾਂ ਤੋਂ ਹੁੰਦੇ ਹੋਏ ਪਿੰਡ ਮੇਹਰਾਜ ਪੁੱਜੇ। ਇਥੋਂ ਦੇ ਚੌਧਰੀ ਭਾਈ ਕਾਲੇ ਨੇ ਬੜੀ ਸੇਵਾ ਕੀਤੀ। ਸਤਿਗੁਰੂ ਜੀ ਇਥੇ ਕਈ ਦਿਨ ਟਿਕੇ ਰਹੇ। ਇੱਕ ਦਿਨ ਚੌਧਰੀ ਕਾਲਾ ਆਪਣੇ ਦੋ ਭਤੀਜਿਆਂ ਫੂਲ ਤੇ ਸੰਦਲੀ ਨੂੰ ਲੈ ਕੇ ਸਤਿਗੁਰੂ ਜੀ ਦੇ ਦਰਬਾਰ ਵਿੱਚ ਆਇਆ। ਇਹਨਾਂ ਮੁੰਡਿਆਂ ਦੇ ਮਾਪੇ ਮਰ ਚੁੱਕੇ ਸਨ। ਚੌਧਰੀ ਕਾਲਾ ਹੀ ਇਹਨਾਂ ਦਾ ਪਾਲਣਾ ਪੋਸਣਾ ਕਰਦਾ ਸੀ। ਇਹਨਾਂ ਨੂੰ ਹਰਿ ਗੋਬਿੰਦ ਸਾਹਿਬ ਜੀ ਨੇ ਖੁਸ਼ਹਾਲ ਹੋਣ ਦੀ ਅਸ਼ੀਰਵਾਦ ਦਿੱਤੀ ਸੀ। ਗੁਰੂ ਹਰਿ ਰਾਇ ਜੀ ਨੇ ਵੀ ਇਹਨਾਂ ਤੇ ਵਿਸ਼ੇਸ਼ ਬਖਸ਼ਿਸ਼ ਕੀਤੀ ਤੇ ਫੁਰਮਾਇਆ ਕਿ ਇਹਨਾਂ ਦੀ ਸੰਤਾਨ ਸਤਲੁਜ ਤੇ ਜਮੁਨਾ ਦੇ ਵਿਚਕਾਰ ਰਾਜ ਕਰਿਆ ਕਰੇਗੀ। ਆਪ ਜੀ ਦੀ ਇਸ ਅਸ਼ੀਰਵਾਦ ਸਦਕਾ ਪਟਿਆਲਾ, ਨਾਭਾ ਤੇ ਜੀਂਦ ਦੀਆਂ ਰਿਆਸਤਾਂ ਹੋਂਦ ਵਿੱਚ ਆਈਆਂ ਜਿਨ੍ਹਾਂ ਨੂੰ ਫੂਲਕੀਆਂ ਰਿਆਸਤਾਂ ਆਖਿਆ ਜਾਂਦਾ ਹੈ।

ਜਿਥੇ ਆਪ ਦੁਖੀ ਦਿਲਾਂ ਨੂੰ ਨਾਮ-ਦਾਰੂ ਦੇ ਕੇ ਅਰੋਗ ਤੇ ਸੁਖੀ ਕਰਦੇ ਸਨ ਉਥੇ ਆਪ ਨੇ ਇਨਸਾਨਾਂ ਦੇ ਰੋਗੀ ਸਰੀਰਾਂ ਦੇ ਰੋਗ ਮਿਟਾਉਣ ਲਈ ਬੜਾ ਵੱਡਾ ਦਵਾਖਾਨਾ ਖੋਲ੍ਹਿਆ, ਜਿਸ ਵਿੱਚ ਬੜੀਆਂ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਾ ਕੇ ਰੱਖੀਆਂ। ਹਰ ਰੋਗੀ ਨੂੰ ਹਰ ਵੇਲੇ ਮੁਫਤ ਦਵਾਈ ਤੇ ਖੁਰਾਕ ਮਿਲਦੀ ਸੀ। ਇੱਕ ਵਾਰ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਬੀਮਾਰ ਹੋ ਗਿਆ। ਹਕੀਮਾਂ ਨੇ ਖਾਸ ਕਿਸਮ ਤੇ ਵਜ਼ਨ ਦੇ ਲੌਂਗ, ਹਰੀੜਾਂ ਤੇ ਰਾਜਮੋਤੀ ਦਵਾਈ ਲਈ ਤਜਵੀਜ਼ ਕੀਤੇ। ਇਹ ਚੀਜ਼ਾਂ ਆਪ ਦੇ ਦਵਾਈਖਾਨੇ ਤੋਂ ਬਿਨਾਂ ਹੋਰ ਕਿਤਿਓਂ ਨਾ ਮਿਲੀਆਂ। ਦਾਰਾ ਸ਼ਿਕੋਹ ਰਾਜ਼ੀ ਹੋ ਗਿਆ। ਉਸਨੇ ਕੀਰਤਪੁਰ ਪਹੁੰਚ ਕੇ ਗੁਰੂ ਜੀ ਦਾ ਧੰਨਵਾਦ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਆਗਿਆ ਮੁਜਬ ਆਪ ਨੇ 2200 ਘੋੜ ਸਵਾਰ ਰੱਖੇ ਹੋਏ ਸਨ ਤਾਂ ਕਿ ਲੋੜ ਪੈਣ ਤੇ ਉਨ੍ਹਾਂ ਨੂੰ ਵਰਤਿਆ ਜਾ ਸਕੇ। ਜਦ ਸ਼ਾਹਜਹਾਨ ਦੇ ਪੁੱਤਰਾਂ ਵਿਚਕਾਰ ਦਿੱਲੀ ਦੇ ਤੱਖਤ ਲਈ ਲੜਾਈ ਹੋਈ ਤਾਂ ਇਸ ਸਮੇਂ ਗੁਰੂ ਜੀ ਨੂੰ ਆਪਣੀ ਫੌਜ ਮੈਦਾਨ ਵਿੱਚ ਲਿਆਉਣੀ ਪਈ। ਦਾਰਾ ਸ਼ਿਕੋਹ ਔਰੰਗਜ਼ੇਬ ਤੋਂ ਹਾਰ ਖਾ ਕੇ ਲਾਹੌਰ ਵੱਲ ਨੂੰ ਦੌੜਿਆ। ਉਸ ਨੂੰ ਫੜਨ ਲਈ ਔਰੰਗਜ਼ੇਬ ਨੇ ਉਸਦੇ ਮਗਰ ਫੌਜ ਭੇਜੀ। ਦਾਰਾ ਸ਼ਿਕੋਹ ਗੁਰੂ ਹਰਿਰਾਇ ਜੀ ਨੂੰ ਗੋਇੰਦਵਾਲ ਵਿਖੇ ਮਿਲਿਆ ਤੇ ਸਹਾਇਤਾ ਲਈ ਬੇਨਤੀ ਕੀਤੀ। ਸ਼ਰਨ ਆਏ ਦੁਖੀ ਲੋੜਵੰਦ ਦੀ ਬਾਂਹ ਫੜਨੀ ਗੁਰੂ ਨਾਨਕ ਦੇ ਘਰ ਦਾ ਪਹਿਲਾ ਅਸੂਲ ਰਿਹਾ ਹੈ। ਗੁਰੂ ਜੀ ਨੇ ਉਸਨੂੰ ਧੀਰਜ ਦਿੱਤਾ। ਪ੍ਰਸ਼ਾਦ ਛਕਾਇਆ ਤੇ ਵਿਦਾ ਕੀਤਾ। ਫਿਰ ਆਪ 2200 ਸੂਰਬੀਰ ਸਵਾਰ ਲੈ ਕੇ ਬਿਆਸ ਦਰਿਆ ਦੇ ਕੰਢੇ ਤੇ ਜਾ ਖਲੌਤੇ ਤੇ ਸਭ ਬੇੜੀਆਂ ਕਾਬੂ ਕਰ ਲਈਆਂ। ਇਸ ਤਰ੍ਹਾਂ ਉਨ੍ਹਾਂ ਨੇ ਫੌਜ ਨੂੰ ਇਕ ਦਿਨ ਦਰਿਆ ਪਾਰ ਕਰਨੋਂ ਰੋਕ ਲਿਆ। ਉਤਨੇ ਚਿਰ ਨੂੰ ਦਾਰਾ ਸ਼ਿਕੋਹ ਥਾਂ ਸਿਰ ਜਾ ਪੁੱਜਾ।

ਇਸ ਗੱਲ ਦਾ ਪਤਾ ਔਰੰਗਜ਼ੇਬ ਨੂੰ ਵੀ ਲੱਗ ਗਿਆ। ਜਦੋਂ ਉਹ ਭਰਾਵਾਂ ਨੂੰ ਮਾਰ ਮੁਕਾ ਕੇ ਤੇ ਪਿਉ ਨੂੰ ਕੈਦ ਕਰਕੇ ਬਾਦਸ਼ਾਹ ਬਣਿਆ ਤਾਂ ਉਸਨੇ ਤਖਤ ਤੇ ਬਹਿਣ ਮਗਰੋਂ ਛੇਤੀ ਹੀ ਗੁਰੂ ਜੀ ਨੂੰ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਪਰ ਆਪਣੇ ਥਾਂ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਜੀ ਨੂੰ ਭੇਜਿਆ। ਤੁਰਨ ਲੱਗਿਆਂ ਸਿੱਖਿਆ ਦਿੱਤੀ ਕਿ ਹਰੇਕ ਕਾਰਜ ਵਿੱਚ ਗੁਰੂ ਆਸਰੇ ਰਹਿਣਾ। ਗੁਰੂ ਨੂੰ ਅੰਗ-ਸੰਗ ਸਮਝਣਾ। ਬਾਬਾ ਰਾਮਰਾਇ ਜੀ ਬੜੇ ਪ੍ਰਬੀਨ ਤੇ ਹਾਜ਼ਰ-ਜਵਾਬ ਸਨ। ਉਹਨਾਂ ਦੀ ਵਿਦਵਤਾ ਦਾ ਔਰੰਗਜ਼ੇਬ ਤੇ ਬਹੁਤ ਅਸਰ ਪਿਆ। ਔਰੰਗਜ਼ੇਬ ਨੇ ਪੁੱਛਿਆ, ਕਿ ਗੁਰੂ ਹਰਿਰਾਇ ਜੀ ਨੇ ਦਾਰਾ ਸ਼ਿਕੋਹ ਦੀ ਕਿਉਂ ਸਹਾਇਤਾ ਕੀਤੀ, ਤਾਂ ਰਾਮਰਾਇ ਨੇ ਉੱਤਰ ਦਿੱਤਾ ਕਿ ਗੁਰੂ ਜੀ ਨੇ ਉਸ ਨੂੰ ਲੋੜਵੰਦ ਦੁਖੀਆ ਜਾਣ ਕੇ ਉਸ ਦੀ ਮਦਦ ਕੀਤੀ, ਕਿਸੇ ਵੈਰ ਭਾਵ ਧਾਰ ਕੇ ਨਹੀਂ। ਫਿਰ ਸਿੱਖ ਧਰਮ ਬਾਰੇ ਕਈ ਸਵਾਲ ਪੁੱਛੇ, ਜਿਹਨਾਂ ਦਾ ਉੱਤਰ ਰਾਮਰਾਇ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਮੁਤਾਬਕ ਦਿੱਤਾ। ਹਰੇਕ ਅਜ਼ਮਾਇਸ਼ ਵਿੱਚ ਰਾਮਰਾਇ ਜੀ ਪੂਰੇ ਉੱਤਰੇ। ਔਰੰਗਜ਼ੇਬ ਪੱਕਾ ਮੁਸਲਮਾਨ ਸੀ, ਉਹ ਚਾਹੁੰਦਾ ਸੀ ਕਿ ਪਿਆਰ ਤੇ ਸਤਿਕਾਰ ਨਾਲ ਰਾਮਰਾਇ ਜੀ ਦਾ ਦਿਲ ਜਿੱਤ ਕੇ ਆਪਣੇ ਦੀਨ ਵਿੱਚ ਲਿਆਂਦਾ ਜਾਏ। ਉਸ ਨੇ ਕਾਜ਼ੀਆਂ ਦੀ ਪ੍ਰੇਰਨਾ ਤੇ ਰਾਮਰਾਇ ਤੋਂ ਪੁੱਛਿਆ, "ਤੁਹਾਡੇ ਗਰੰਥ ਵਿੱਚ ਲਿਖਿਆ ਹੈ" :

"ਮਿਟੀ ਮੁਸਲਮਾਨ ਕੀ, ਪੇੜੈ ਪਈ ਕੁਮਿਆਰ ॥ ਘੜਿ ਭਾਂਡੇ ਇਟਾਂ ਕੀਆਂ, ਜਲਦੀ ਕਰੇ ਪੁਕਾਰ ॥

ਇਸਦੇ ਕੀ ਅਰਥ ਹਨ ? ਕੀ ਇਹ ਪ੍ਰਗਟ ਤੌਰ ਤੇ ਸਾਡੇ ਧਰਮ ਦੀ ਨਿੰਦਿਆ ਨਹੀਂ ? ਬਾਦਸ਼ਾਹ ਨਾਲ ਬਣਿਆ ਰਸੂਖ ਕਾਇਮ ਰੱਖਣ ਲਈ ਰਾਮਰਾਇ ਜੀ ਨਿਸ਼ਾਨੇ ਤੋਂ ਖਿੜਕ ਗਏ ਤੇ ਕਹਿ ਦਿੱਤਾ ਕਿ "ਮਿਟੀ ਮੁਸਲਮਾਨ ਕੀ ਨਹੀਂ, ਮਿੱਟੀ ਬੇਈਮਾਨ ਕੀ" ਲਿਖਿਆ ਹੈ। ਇਹ ਸੁਣ ਕੇ ਬਾਦਸ਼ਾਹ ਖੁਸ਼ ਹੋ ਗਿਆ। ਉਸ ਨੇ ਦੂਨ ਦਾ ਇਲਾਕਾ ਜਾਗੀਰ ਵਜੋਂ ਦੇ ਦਿੱਤਾ।

ਜਦੋਂ ਗੁਰੂ ਹਰਿਰਾਇ ਜੀ ਨੂੰ ਰਾਮਰਾਇ ਦੀ ਇਸ ਕਮਜ਼ੋਰੀ ਤੇ ਝੂਠ ਦਾ ਪਤਾ ਲੱਗਾ ਤਾਂ ਆਪ ਨੇ ਫੈਸਲਾ ਦੇ ਭੇਜਿਆ ਕਿ ਰਾਮ ਰਾਇ ਸਾਡੇ ਮੱਥੇ ਨਾ ਲੱਗੇ। ਗੁਰੂ ਜੀ ਨੇ ਉਸ ਨੂੰ ਤਿਆਗ ਦਿੱਤਾ ਤੇ ਗੁਰਿਆਈ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦੇ ਦਿੱਤੀ। ਆਪ 6

ਅਕਤੂਬਰ ਸੰਨ 1661 ਨੂੰ ਕੀਰਤਪੁਰ ਵਿੱਚ ਜੋਤੀ ਜੋਤ ਸਮਾ ਗਏ।

ਆਪ ਨੇ ਸਿੱਖੀ ਦੇ ਪ੍ਰਚਾਰ ਲਈ ਤਿੰਨ ਬਖਸ਼ਸ਼ਾਂ (ਕੇਂਦਰ) ਕਾਇਮ ਕੀਤੀਆਂ। ਹਰੇਕ ਬਖਸ਼ਸ਼ ਇੱਕ ਪ੍ਰਸਿੱਧ ਉਦਾਸੀ ਸਿੱਖ ਦੇ ਸਪੁਰਦ ਸੀ। ਇਹ ਗੁਰਸਿੱਖ ਸਨ : (1) ਸੁਥਰੇ ਸ਼ਾਹ ਜੀ (2) ਭਗਤ ਭਗਵਾਨ ਜੀ (3) ਭਾਈ ਫੇਰੂ ਜੀ। ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਨੇ ਪਹਿਲੋਂ ਹੀ ਸਿੱਖੀ ਪ੍ਰਚਾਰ ਲਈ ਧੂਏਂ ਜਾਂ ਧੂਣੀਆਂ ਕਾਇਮ ਕੀਤੀਆਂ ਸਨ। ਧੂਣੀਆਂ ਤੋਂ ਭਾਵ 'ਉਦਾਸੀ ਸਾਧੂਆਂ ਦੀ ਗੱਦੀ' ਹੁੰਦਾ ਹੈ। ਪਰ ਇਥੇ ਇਨ੍ਹਾਂ ਦਾ ਭਾਵ ਹੈ ਉਦਾਸੀ ਮਹਾਪੁਰਖਾਂ ਦੇ ਅਧੀਨ ਚਲ ਰਹੇ ਪ੍ਰਚਾਰ ਕੇਂਦਰ।

ਧੰਨਵਾਦਿ ਸਹਿਤ

ਸੰਖੇਪ ਇਤਿਹਾਸ ਦਸ ਗੁਰੂ ਸਾਹਿਬਾਨ

---

## ਵੱਡਾ ਘਲੂਘਾਰਾ

**ਬਲਵਿੰਦਰ ਸਿੰਘ 'ਸਾ.ਗਰ'**

ਸਮੁੱਚਾ ਸਿੱਖ ਇਤਿਹਾਸ ਸੰਘਰਸ਼ ਦਾ ਇਤਿਹਾਸ ਹੈ। ਸੰਘਰਸ਼ ਦੀ ਆਂਰਭਤਾ ਧੰਨ ਗੁਰੂ ਨਾਨਕ ਦੇਵ ਜੀ ਦੇ ਸਮੋਂ ਉਦੋਂਹੋਈ ਜਦੋਂ ਗੁਰੂ ਜੀ ਨੇ ਗਰੀਬ ਮਜ਼ਲੂਮ ਜਨਤਾ ਤੇ ਬਾਬਰ ਵਲੋਂ ਢਾਏ ਜਾ ਰਹੇ ਜ਼ੁਲਮਾਂ ਵਿਰੁੱਧ ਆਵਾਜ਼ ਬਲੰਦ ਕੀਤੀ। ਬਾਬਰ ਨੂੰ ਜਾਬਰ ਕਹਿ ਕੇ ਜਨਤਕ ਤੌਰ ਤੇ ਭੰਡਿਆ। ਸਿੱਟੇ ਵਜੋ ਗੁਰੂ ਨਾਨਕ ਦੇਵ ਜੀ ਨੂੰ ਬਾਬਰ ਦੀ ਜੇਲ ਵਿਚ ਜਾਣਾ ਪਿਆ ਅਤੇ ਚੱਕੀ ਪੀਸਣੀ ਪਈ। ਮੁਗਲਾਂ ਦੀਆਂ ਜ਼ਿਆਤੀਆਂ ਅਤੇ ਜੁਲਮ ਵਿਰੁਧ ਬਾਬਾ ਨਾਨਕ ਜੀ ਵਲੋਂ ਆਵਾਜ਼ ਬਲੰਦ ਕਰਨ ਨਾਲ ਹੀ ਸੰਘਰਸ਼ ਸ਼ੁਰੂ ਹੋ ਗਿਆ। ਪਾਤਸ਼ਾਹ ਨੇ ਇਸ ਦਾ ਜ਼ਿਕਰ ਬਾਬਰ ਬਾਣੀ ਵਿੱਚ ਵੀ ਕੀਤਾ ਤੇ ਫੁਰਮਾਇਆ।

'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ '............ .(ਅੰਕ ੩੬੦)

ਪਰ ਨਾਲ ਹੀ ਜਬਰ ਜ਼ੁਲਮ ਦਾ ਟਾਕਰਾ ਕਰਨ ਦਾ ਇਹ ਉਪਦੇਸ਼ ਵੀ ਦਿਤਾ ਤੇ ਹੁਕਮ ਕੀਤਾ ਕਿ

ਜਉ ਤਉ ਪ੍ਰੇਮ ਖੇਲਣ ਕਾ ਚਾਉ ।। ਸਿਰੁ ਧਰਿ ਤਲੀ ਗਲੀ ਮੇਰੀ ਆਉ ।।

ਇਤੁ ਮਾਰਗਿ ਪੈਰੁ ਧਰੀਜੈ ।। ਸਿਰੁ ਦੀਜੈ ਕਾਣਿ ਨ ਕੀਜੈ ॥......(ਅੰਕ ੧੪੧੨)

ਸਿਧਾਂਤਕ ਤੌਰ ਤੇ ਇਹ ਜ਼ੁਲਮ ਤੇ ਜਬਰ ਵਿਰੁੱਧ ਉਠੀ ਆਵਾਜ਼ ਹੀ ਸੀ।

ਸਮੁੱਚਾ ਸਿੱਖ ਇਤਿਹਾਸ ਗੁਰੂ ਨਾਨਕ ਦੇਵ ਜੀ ਦੇ ਇਸ ਪਾਵਨ ਬਚਨ ਤੇ ਆਧਾਰਿਤ ਹੈ ਅਤੇ ਜ਼ੁਲਮ ਤੇ ਜ਼ਾਲਮ ਨੂੰ ਰੋਕਣ ਦੀ ਦਾਸਤਾਂ ਹੈ। ਭਾਵੇਂ ਉਹ ਪੰਚਮ ਪਾਤਸ਼ਾਹ ਦੀ ਸ਼ਹਾਦਤ ਹੋਵੇ ਜਾਂ ਗੁਰੂ ਹਰਿਗੋਬਿੰਦ ਜੀ ਵਲੋਂ ਲੜੀਆਂ ਜੰਗਾਂ ਹੋਣ। ਉਪਰੰਤ ਤੇਗ ਬਹਾਦਰ ਜੀ ਦੀ ਅਜ਼ੀਮ ਸ਼ਹਾਦਤ, ਸਾਹਿਬਜ਼ਾਦਿਆਂ ਦੀ ਸ਼ਹਾਦਤ, ਮਾਤਾ ਗੁਜਰੀ ਜੀ ਦੀ ਸ਼ਹਾਦਤ ਅਨੇਕ ਸਿਘਾਂ, ਸਿਘੰਣੀਆਂ ਅਤੇ ਬੱਚਿਆਂ ਦੀ ਸ਼ਹਾਦਤ। ਸਾਰਾ ਸਿੱਖ ਇਤਿਹਾਸ ਜ਼ੁਲਮ ਦੀ ਵਿਰੋਧਤਾ ਦਾ ਸੰਘਰਸ਼ ਹੈ।

ਅਗੇ ਚਲੀਏ, ਸੰਨ 1708 ਵਿੱਚ ਦਸਮ ਪਿਤਾ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਬਾਬਾ ਬੰਦਾ ਸਿੰਘ ਬਹਾਦਰ ਦਾ ਸਮਾਂ ਆਇਆ। ਔਰੰਗਜ਼ੇਬ ਅਤੇ ਉਸਦੇ ਅਹਿਲਕਾਰਾਂ ਵਲੋਂ ਢਾਏ ਘਿਨਾਉਣੇ ਜ਼ੁਲਮਾਂ ਦਾ ਨਵਾਂ ਅਧਿਆਏ ਸ਼ੁਰੂ ਹੋਇਆ। ਦਿੱਲੀ ਦੇ ਹਾਕਮਾਂ ਦੀ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾ ਦੇਣ ਦੀ ਜਿੱਦ ਜ਼ੁਲਮਾਂ 'ਚ' ਵਾਧਾ ਕਰਦੀ ਗਈ। ਸਰਕਾਰਾਂ ਬਦਲਦੀਆਂ ਰਹੀਆਂ ਪਰ ਰਾਜ ਕਰਨ ਵਾਲਿਆਂ ਦੀ ਜ਼ਹਿਨੀਅਤ ਨਹੀਂ ਬਦਲੀ। ਗ਼ਰੀਬ ਜਨਤਾ ਨੂੰ ਦਬਾਉਣਾ,ਉਨ੍ਹਾ ਦੀ ਸੰਸਕ੍ਰਿਤੀ, ਧਰਮ ਅਤੇ ਸਭਿਆਚਾਰ ਨੂੰ ਮਿਟਾਉਣਾ,ਮਨੁਖੀ ਕਦਰਾਂ ਕੀਮਤਾਂ ਦਾ ਘਾਣ ਕਰਨਾ ਹੀ ਸਾਰੀਆਂ ਸਰਕਾਰਾਂ ਦੀ ਮਾਨਸਿਕਤਾ ਬਣੀ ਰਹੀ।

ਅਜਿਹਾ ਹੀ ਇੱਕ ਸਮਾਂ ਸੰਨ 1762 ਵਿੱਚ ਵੀ ਆਇਆ। ਇਸੇ ਸਮੇਂ ਅਹਿਮਦ ਸ਼ਾਹ ਦੁਰਾਨੀ ਛੇਵੀਂ ਵਾਰ ਭਾਰਤ ਤੇ ਚੜ੍ਹ ਕੇ ਆਇਆ। ਮੁਗਲਾਂ ਦੇ ਸੂਹੀਏ ਅਕੀਲ ਦਾਸ ਨਿਰੰਜਣੀਏ ਜੰਡਿਆਲੇ ਵਾਲੇ ਨੇ ਸਿੱਖਾਂ ਦੀਆਂ ਗਤੀਵਿਧੀਆਂ ਤੇ ਦਿਨੋਂ ਦਿਨ ਵਧ ਰਹੀ ਤਾਕਤ ਬਾਰੇ ਦੁਰਾਨੀ ਦੇ ਕੰਨ ਭਰੇ। ਦੁਰਾਨੀ ਨੇ ਸਿੱਖਾਂ ਨੂੰ ਕੁਚਲਣ ਅਤੇ ਸਜ਼ਾ ਦੇਣ ਦੀ ਮਨਸ਼ਾ ਨਾਲ ਲਾਹੌਰ ਵਲ ਕੂਚ ਕੀਤਾ। ਸਿੱਖ

ਜਰਨੈਲ ਜੱਸਾ ਸਿੰਘ ਆਹਲੂਵਾਲੀਆ ਅਤੇ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਦੁਸ਼ਮਨ ਦੀ ਇਸ ਚਾਲ ਦੀ ਖਬਰ ਲਗ ਗਈ। ਸੋ ਫੈਸਲਾ ਕੀਤਾ ਕਿ ਦੂਰਾਨੀ ਨਾਲ ਟਾਕਰਾ ਅਮ੍ਰਿਤਸਰ ਲਾਹੌਰ ਨਾ ਕਰਕੇ ਮਾਲਵੇ ਵਿਚ ਕੀਤਾ ਜਾਵੇ ਤਾਂ ਕਿ ਯੁੱਧ ਦੀ ਤਿਆਰੀ ਲਈ ਸਮਾਂ ਮਿਲ ਸਕੇ। ਦੂਸਰੇ ਵਹੀਰ ਵਿਚ ਸ਼ਾਮਲ 10000 ਬੀਬੀਆਂ, ਬੱਚੇ ਅਤੇ ਬਜ਼ੁਰਗਾਂ ਨੂੰ ਬਚਾ ਕੇ ਸੁਰਖਿਅਤ ਰਾਜਸਥਾਨ ਭੇਜਿਆ ਜਾ ਸਕੇ। ਸੋ ਸਿੰਘਾਂ ਨੇ ਸਤਲੁਜ ਪਾਰ ਮਾਲਵੇ ਵੱਲ ਚਾਲੇ ਪਾ ਦਿੱਤੇ। ਇਸ ਵਹੀਰ ਵਿੱਚ 40000 ਸਿੱਖ ਸ਼ਾਮਲ ਸਨ। ਦੂਰਾਨੀ ਨੇ ਸਰਹਿੰਦ ਦੇ ਸੂਬੇਦਾਰ ਜ਼ੈਨ ਖਾਨ ਨੂੰ ਆਦੇਸ਼ ਕੀਤਾ ਕਿ ਉਸਦੇ ਪਹੁੰਚਣ ਤੱਕ ਉਹ ਸਿੱਖਾਂ ਨੂੰ ਇਥੇ ਹੀ ਅਟਕਾਈ ਰਖੇ। ਉਹ ਚਾਹੁੰਦਾ ਸੀ ਕਿ ਜ਼ੈਨਖਾਨ ਨਾਲ ਮਿਲ ਕੇ ਉਹ ਖੁਦ ਸਿੱਖਾਂ ਨੂੰ ਮਾਰੇ। ਜ਼ੈਨ ਖਾਨ ਨੇ ਅਜਿਹਾ ਹੀ ਕੀਤਾ। ਉਸਨੇ ਸਿਖਾਂ ਨੂੰ ਮਾਲਵੇ ਵਿਚ ਅਗੇ ਵਧਣੋ ਰੋਕਿਆ। ਇਸੇ ਦੌਰਾਨ ਮਲੇਰਕੋਟਲਾ ਵਾਲਾ ਭੀਖਨ ਖਾਨ ਵੀ ਜ਼ੈਨ ਖਾਨ ਦੀ ਮਦਦ ਤੇ ਪੁਜ ਗਿਆ। ਇਸ ਘਟਨਾ ਦਾ ਜ਼ਿਕਰ ਇਤਿਹਾਸ ਵਿੱਚ ਇੰਜ ਮਿਲਦਾ ਹੈ।

ਔਰ ਸ਼ਾਹ ਪੇ ਗਏ ਹਕਾਰੇ। ਸਿੰਘ ਆਏ ਹੈ ਦਾਇ ਹਮਾਰੇ।
ਹਮ ਇਤ ਵੱਲ ਤਹ ਰਾਖਨ ਘੇਰ। ਤੁਮ ਇਨ ਮਾਰੋ ਹੋਣ ਸਵੇਰ।

ਅੰਤ ੫ ਫਰਵਰੀ 1762 ਨੂੰ ਮਲੇਰਕੋਟਲੇ ਤੋਂ 12 ਕਿ: ਮੀ. ਉਤਰ ਵੱਲ ਕੁਪ- ਰਹੀੜਾ ਦੇ ਅਸਥਾਨ ਤੇ ਯੁਧ ਹੋਇਆ। ਤੜਕਸਾਰ ਜ਼ੈਨ ਖਾਨ ਸਰਹਿੰਦੀ ਅਤੇ ਭੀਖਨ ਖਾਨ ਮਲੇਰਕੋਟੀਏ ਨੇ ਸਿੱਖਾਂ ਤੇ ਅਚਾਨਕ ਹਮਲਾ ਕਰ ਦਿੱਤਾ। ਇਸ ਹਮਲੇ ਨੂੰ ਸਿੱਖਾਂ ਨੇ ਪਛਾੜ ਦਿੱਤਾ। ਪਰ ਪਿਛੋਂ ਅਹਿਮਦ ਸ਼ਾਹ ਦੀ ਵਡੀ ਫੌਜ ਜੋ ਮਾਰੂ ਹਥਿਆਰਾਂ ਨਾਲ ਲੈਸ ਸੀ ਨੇ ਹਮਲਾ ਕਰ ਦਿਤਾ। ਸਿੱਖ ਫੌਜ ਲਈ 10000 ਬੀਬੀਆਂ, ਬਚੇ ਅਤੇ ਬਜ਼ੁਰਗ ਵੱਡੀ ਔਕੜ ਬਣ ਗਏ। ਸਿੱਖ ਜਰਨੈਲਾ ਨੇ ਇਨ੍ਹਾਂ ਨੂੰ ਸੁਰਖਿਆ ਘੇਰੇ ਵਿੱਚ ਲੈ ਕੇਂ ਕੁਝ ਸਿੱਖਾਂ ਸਮੇਤ ਬਰਨਾਲੇ ਵਲ ਨੂੰ ਵਧਣਾ ਸ਼ੁਰੂ ਕੀਤਾ। ਸਿੰਘ ਇਸ ਸਮੇਂ ਗੁਰੀਲਾ ਯੁੱਧ ਨਹੀ ਸਨ ਕਰ ਸਕਦੇ ਜਿਸ ਕਰਕੇ ਵਡਾ ਜਾਨੀ ਨੁਕਸਾਨ ਹੋਇਆ।ਦਿਨ ਭਰ ਹਥੋਂ ਹਥੀ ਲੜਾਈ ਜਾਰੀ ਰਹੀ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਸ ਲੜਾਈ ਵਿੱਚ 25000 ਤੋਂ 30000 ਸਿੱਖ ਸ਼ਹੀਦ ਹੋਏ। ਸਿੱਖ ਜਰਨੈਲ ਜਸਾ ਸਿੰਘ ਆਹਲੂਵਾਲੀਆ ਦੇ ਸਰੀਰ ਤੇ 22 ਜ਼ਖਮ ਸਨ। ਜਰਨੈਲ ਚੜ੍ਹਤ ਸਿੰਘ ਸ਼ੁੱਕਰਚਕੀਆ ਦੇ ਸ਼ਰੀਰ ਤੇ 19 ਤੱਕ ਜਖਮ ਲੱਗੇ। ਭਾਰੀ ਜਾਨੀ ਮਾਲੀ ਨੁਕਸਾਨ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਦਮਦਮੀ ਬੀੜ ਵੀ ਨਾ ਬਚਾਈ ਜਾ ਸਕੀ। ਇਸ ਘਲੂਘਾਰੇ ਵਿੱਚ ੭੦ % ਫੌਜ ਅਤੇ ਆਮ ਸਿੱਖ ਸ਼ਹੀਦ ਹੋਏ।। ਪਰ ਸਿੰਘਾਂ ਨੇ ਆਪਣੀ ਜਾਨ ਤੇ ਖੇਡ ਕੇ ਬੀਬੀਆਂ, ਬਚਿਆਂ ਅਤੇ ਬਜ਼ੁਰਗਾਂ ਨੂੰ ਬਚਾ ਲਿਆ। ਸਿੱਖ ਇਹ ਲੜਾਈ ਤਾਂ ਹਾਰ ਗਏ ਪਰ ਹੌਂਸਲਾ ਨਹੀਂ ਹਾਰੇ। ਸਿੱਖਾਂ ਨੇ ਹਾਰ ਨਹੀਂ ਮੰਨੀ ਹੌਸਲੇ ਨਹੀ ਛੱਡੇ। ਸਿੱਖ ਵਹੀਰ ਨੂੰ ਬਚਾ ਕੇ ਬਰਨਾਲੇ ਵਲ ਵਧਦੇ ਰਹੇ। ਸ਼ਾਮ ਤੱਕ ਲੜਾਈ ਘੱਟ ਹੋਈ। ਸਿੱਖ ਕਿਉਂਕਿ ਇਸ ਇਲਾਕੇ ਦੇ ਜਾਣੂੰ ਸਨ, ਅਗੇ ਵਧਦੇ ਗਏ। ਪਰ ਥਕਨ ਤੇ ਪਿਆਸ ਮਾਰਿਆ ਅਹਿਮਦ ਸ਼ਾਹ ਫੋਜਾਂ ਸਮੇਤ ਰੇਤਲੇ ਅਣਜਾਣ ਇਲਾਕੇ ਵਲ ਅਗੇ ਨ ਵਧਿਆ। ਸ਼ਾਮ ਨੂੰ ਸਿੱਖਾਂ ਨੇ ਇਕਠੇ ਹੋ ਕੇ ਗੁਰਮਤਾ ਕੀਤਾ ਕਿ ਇਸ ਲੜਾਈ ਚ ਹੋਏ ਨੁਕਸਾਨ ਦਾ ਬਦਲਾ ਛੇਤੀ ਹੀ ਲਿਆ ਜਾਵੇਗਾ। ਉਨ੍ਹ ਨੇ ਜ਼ੈਨ ਖਾਨ ਸਰਹਿੰਦੀ ਨੂੰ ਸਬਕ ਸਿਖਾਉਣ ਦਾ ਸੰਕਲਪ ਕੀਤਾ।

ਸਿਰਫ ੩ ਮਹੀਨੇ ਬਾਦ ਹੀ ਮਈ 1762 ਵਿੱਚ ਸਿੱਖਾਂ ਨੇ ਫਿਰ ਜ਼ੈਨ ਖਾਨ ਸਰਹਿੰਦੀ ਤੇ ਹਮਲਾ ਕਰ ਦਿੱਤਾ। ਸਿੰਘਾਂ ਦੀ ਫਤਿਹ ਹੋਈ। ਹਾਰੇ ਖਾ ਕੇ ਜ਼ੈਨ ਖਾਨ ਨੇ ਸਿੰਘਾ ਅੱਗੇ ਗੋਡੇ ਟੇਕ ਦਿਤੇ। ਸੁਲਹ ਲਈ ਬੇਨਤੀ ਕੀਤੀ। ਸਿਘਾਂ ਨੇ ਜ਼ੈਨ ਖਾਨ ਨੂੰ 50000 ਰੁਪੈ ਬਤੌਰ ਜੁਰਮਾਨਾ ਲਾਇਆ। ਜ਼ੈਨ ਖਾਨ ਨੇ ੫੦੦੦੦ ਰੁਪਏ ਹਰਜਾਨਾ ਭਰ ਕੇ ਜਾਨ ਬਚਾਈ। ਇਸ ਪਿੱਛੋਂ ਸਿਰਫ 2ਮਹੀਨੇ ਪਿਛੋਂ ਹੀ ਜੁਲਾਈ ਅਗਸਤ 1762 ਵਿੱਚ ਲਾਹੌਰ ਤੇ ਚੜ੍ਹਾਈ ਕੀਤੀ। ਲਾਹੌਰ ਦੀਆਂ ਫੋਜਾਂ ਦਾ ਭਾਰੀ ਜਾਨੀ - ਮਾਲੀ ਨੁਕਸਾਨ ਕੀਤਾ। ਅਹਿਮਦ ਸ਼ਾਹ ਦੁਰਾਨੀ ਇਸ ਸਮੇਂ ਪੰਜਾਬ ਵਿੱਚ ਹੀ ਸੀ। ਪਰ ਸਿੰਘਾਂ ਦੀ ਬਹਾਦਰੀ ਦ੍ਰਿੜਤਾ ਅਤੇ ਸਿਰੜ ਅੱਗੇ ਉਹ ਬੇਬਸ ਸੀ। ਸਿੱਖਾਂ ਨੇ ਫਿਰ ਆਪਣਾ ਲੋਹਾ ਮਨਵਾਇਆ ਤੇ ਜਾਬਰਾਂ ਨੂੰ ਭਾਜੜਾਂ ਪਾ ਦਿੱਤੀਆ। ਇਥੋਂ ਹੀ ਪੰਜਾਬ ਅਤੇ ਉਤਰੀ ਭਾਰਤ ਵਿੱਚੋਂ ਮੁਗਲਾਂ ਦੇ ਪੈਰ ਉਖੜ ਗਏ। ਫਰਵਰੀ 2016 ਵਿੱਚ ਅਸੀ ਆਪਣੇ ਮਾਣ ਮਤੇ ਇਤਿਹਾਸ ਨੂੰ ਯਾਦ ਕਰਕੇ ਮਹਾਨ ਸ਼ਹੀਦਾਂ ਅੱਗੇ ਸਤਿਕਾਰ ਸਹਿਤ ਸਿਰ ਝੁਕਾਉਂਦੇ ਹਾਂ।

# ਸ੍ਰੀ ਨਨਕਾਣਾ ਸਾਹਿਬ

ਸ੍ਰੀ ਨਨਕਾਣੇ ਸਾਹਿਬ ਦਾ ਮਹੰਤ ਨਰਾਇਣ ਦਾਸ ਬੜਾ ਹੀ ਐਬੀ ਤੇ ਵੈਲੀ ਸੀ। ਉਸ ਦੇ ਆਚਰਨ ਤੇ ਵਤੀਰੇ ਵਿਰੁੱਧ ਅਣਗਿਣਤ ਸ਼ਿਕਾਇਤਾਂ ਸਨ। ਉਹ ਤੇ ਉਸ ਦੇ ਚੇਲੇ ਤੇ ਸਾਥੀ ਸ਼ਰਾਬ ਪੀਂਦੇ ਅਤੇ ਅਨੇਕ ਤਰ੍ਹਾਂ ਦੇ ਅਨਰਥ ਕਮਾਉਂਦੇ ਸਨ। ਦਰਸ਼ਨ ਕਰਨ ਆਈਆਂ ਇਸਤ੍ਰੀਆਂ ਦੀ ਬੇਪਤੀ ਕੀਤੀ ਜਾਂਦੀ ਸੀ ਤੇ ਕਈਆਂ ਦੇ ਜ਼ਬਰਨ ਸਤ ਭੰਗ ਕੀਤੇ ਜਾਂਦੇ ਸਨ। ਅਗਸਤ ਸੰਨ 1917 ਵਿੱਚ ਗੁਰਦੁਆਰਾ ਜਨਮ ਅਸਥਾਨ ਵਿੱਚ ਕੰਜਰੀਆਂ ਦਾ ਮੁਜਰਾ ਕਰਾਇਆ ਗਿਆ। ਇਸ ਪਰ ਸਿੱਖ ਪੰਥ ਵਿੱਚ ਸਖਤ ਰੰਜ ਮਨਾਇਆ ਗਿਆ। ਅਖਬਾਰਾਂ ਵਿੱਚ ਜ਼ੋਰਦਾਰ ਐਜੀਟੇਸ਼ਨ ਹੋਇਆ। ਸਿੰਘ-ਸਭਾਵਾਂ ਨੇ ਮਤੇ ਪਾਸ ਕੀਤੇ, ਜਿਨ੍ਹਾਂ ਰਾਹੀਂ ਗੁਰਦੁਆਰੇ ਦੀ ਬੇ-ਅਦਬੀ ਵਿਰੁੱਧ ਰੋਸ ਪ੍ਰਗਟ ਕੀਤਾ ਗਿਆ ਅਤੇ ਸਰਕਾਰ ਨੂੰ ਕਿਹਾ ਗਿਆ ਕਿ ਅਜੇਹੀਆਂ ਕਾਰਵਾਈਆਂ ਨੂੰ ਰੋਕਣ ਦਾ ਪ੍ਰਬੰਧ ਕਰੇ। ਪਰ ਨਾ ਮਹੰਤ ਨੇ ਕੋਈ ਪ੍ਰਵਾਹ ਕੀਤੀ  ਅਤੇ ਨਾ ਹੀ ਸਰਕਾਰ ਨੇ ਕੋਈ ਕਾਰਵਾਈ ਕੀਤੀ।

ਸੰਨ 1918 ਵਿੱਚ ਇਕ ਸਿੰਧੀ ਸ਼ਰਧਾਲੂ ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਗਿਆ। ਸ਼ਾਮ ਦੇ 'ਰਹਰਾਸਿ' ਦੇ ਦੀਵਾਨ ਵੇਲੇ ਇਕ ਪੁਜਾਰੀ ਸਾਧ ਨੇ ਉਸ ਸਿੰਧੀ ਦੀ 13 ਸਾਲ ਦੀ ਬੱਚੀ ਨਾਲ ਜਬਰਨ ਬੁਰਾ ਕੰਮ ਕੀਤਾ। ਉਸੇ ਸਾਲ ਜੜ੍ਹਾਂ ਵਾਲੇ ਇਲਾਕੇ ਦੀਆਂ 6 ਇਸਤਰੀਆਂ ਪੂਰਨਮਾਸ਼ੀ ਵਾਲੇ ਦਿਨ ਗੁਰਦੁਆਰੇ ਗਈਆਂ ਤੇ ਰਾਤ ਉਥੇ ਰਹੀਆਂ। ਰਾਤ ਨੂੰ ਸਾਧਾਂ ਨੇ ਸਾਰੀਆਂ ਦਾ ਜ਼ਬਰਨ ਸਤ ਭੰਗ ਕੀਤਾ। ਇਹੋ ਜਿਹੀਆਂ ਵਾਰਦਾਤਾਂ ਹੁੰਦੀਆਂ ਹੀ ਰਹਿੰਦੀਆਂ ਸਨ।

ਸ੍ਰੀ ਨਨਕਾਣਾ ਸਾਹਿਬ ਵਿੱਚ ਇਹ ਕੁਰੀਤੀਆਂ ਤੇ ਅਨਰਥ ਹੁੰਦਾ ਵੇਖ ਕੇ, ਅਕਤੂਬਰ ਸੰਨ 1920 ਦੇ ਸ਼ੁਰੂ ਵਿੱਚ ਪਿੰਡ ਧਾਰੋਵਾਲੀ ਜ਼ਿਲਾ ਸ਼ੇਖ਼ੂਪੁਰਾ ਵਿੱਚ ਇਕ ਭਾਰੀ ਦੀਵਾਨ ਕੀਤਾ ਗਿਆ, ਜਿਸ ਵਿੱਚ ਸਾਰੇ ਮਾਮਲੇ ਉੱਪਰ ਵਿਚਾਰ ਕੀਤੀ ਗਈ ਅਤੇ ਇਕ ਗੁਰਮਤੇ ਰਾਹੀਂ ਮਹੰਤ ਨੂੰ ਕਿਹਾ ਗਿਆ ਕਿ ਉਹ ਆਪਣਾ ਤੇ ਗੁਰਦੁਆਰੇ ਦੇ ਪ੍ਰਬੰਧ ਦਾ ਸੁਧਾਰ ਕਰੇ। ਮਹੰਤ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਸੁਧਾਰ ਕਰਨ ਦੇ ਥਾਂ ਉਸ ਨੇ ਪੰਥ ਦਾ ਟਾਕਰਾ ਕਰਨ ਅਤੇ ਉਪੱਦਰ ਕਮਾਉਣ ਦੀ ਤਿਆਰੀ ਆਰੰਭ ਦਿੱਤੀ। ਆਸ-ਪਾਸ ਦੇ ਇਲਾਕੇ ਵਿੱਚੋਂ ਉਸ ਨੇ 400 ਗੁੰਡੇ ਮੰਗਵਾ ਕੇ ਗੁਰਦੁਆਰੇ ਉਦਾਲੇ ਪਹਿਰੇ ਲਗਵਾ ਦਿੱਤੇ। ਫੇਰ ਉਸ ਨੇ ਸਾਧਾਂ ਤੇ ਮਹੰਤਾਂ ਦਾ ਇਕ ਇਕੱਠ ਸੱਦਿਆ, ਜਿਸ ਵਿੱਚ ਸੁਧਾਰਕਾਂ ਦਾ ਟਾਕਰਾ ਕਰਨ ਦੀਆਂ ਵਿਉਂਤਾ ਤਿਆਰ ਕੀਤੀਆਂ ਗਈਆਂ ਅਤੇ 60,000 ਰੁਪਿਆ ਇਕੱਠਾ ਕੀਤਾ ਗਿਆ। ਨਾਲ ਹੀ ਮਹੰਤ ਹਥਿਆਰ ਇਕੱਠੇ ਕਰਨ ਲੱਗ ਪਿਆ। ਉਸ ਨੇ ਬਹੁਤ ਸਾਰੇ ਬਦਮਾਸ਼ ਵੀ ਪੱਕੇ ਨੌਕਰ ਰੱਖ ਲਏ।

ਮਹੰਤ ਦੀਆਂ ਕੁਰੀਤੀਆਂ, ਕਾਰਵਾਈਆਂ ਤੇ ਤਿਆਰੀਆਂ ਵੇਖ ਕੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਆਪਣੇ 26 ਜਨਵਰੀ ਸੰਨ 1921 ਦੇ 'ਜਨਰਲ ਸਮਾਗਮ' ਵਿੱਚ ਗੁਰਮਤਾ ਪਾਸ ਕੀਤਾ ਕਿ 4-5 ਤੇ 6 ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿੱਚ ਸਾਰੇ ਪੰਥ ਦਾ ਬਹੁਤ ਭਾਰੀ ਦੀਵਾਨ ਕੀਤਾ ਜਾਵੇ, ਜਿਸ ਵਿੱਚ ਮਹੰਤ ਨੂੰ ਆਪਣੇ ਆਪ ਦਾ ਅਤੇ ਗੁਰਦੁਆਰਾ ਪ੍ਰਬੰਧ ਦਾ ਸੁਧਾਰ ਕਰਨ ਲਈ ਕਿਹਾ ਜਾਵੇ। ਉਸ ਸਮੇਂ ਪੁੱਜਣ ਵਾਲੇ ਲੱਖਾਂ ਸਿੱਖਾਂ ਵਾਸਤੇ ਲੰਗਰ ਆਦਿ ਦਾ ਪ੍ਰਬੰਧ ਕਰਨ ਲਈ ੬ ਫਰਵਰੀ ਨੂੰ ਇਕ ਕਮੇਟੀ ਬਣਾਈ ਗਈ।

ਮਹੰਤ ਨੇ ਸੋਚਿਆ ਕਿ ਹੁਣ ਮੈਨੂੰ ਕੁਝ ਕਰਨਾ ਪਵੇਗਾ। ਉਸ ਨੇ ਫੌਜੀ ਤਿਆਰੀ ਆਰੰਭੀ। ਉਹ ਬੰਦੂਕਾਂ, ਦਾਰੂ-ਸਿੱਕਾ ਤੇ ਛਵੀਆਂ-ਗੰਡਾਸੇ ਇਕੱਠੇ ਕਰਨ ਲੱਗ ਪਿਆ। ਉਸ ਨੇ 28 ਪਠਾਣ ਨੌਕਰ ਰੱਖ ਲਏ ਅਤੇ ਕੁਝ ਮੁਸਲਮਾਨ ਆਲੇ-ਦੁਆਲਿਓ ਤੇ ਮਾਝੇ ਵਿੱਚੋਂ ਭਰਤੀ ਕੀਤੇ। ਗੁਰਦੁਆਰੇ ਦੇ ਦਰਵਾਜ਼ੇ ਲੋਹੇ ਦੇ ਲਾਏ ਗਏ ਅਤੇ ਉਨ੍ਹਾਂ ਵਿੱਚ ਦੀ ਗੋਲੀਆਂ ਚਲਾਉਣ ਲਈ ਮੋਰੀਆਂ ਕੀਤੀਆਂ ਗਈਆਂ, ਜਦ ਉਹ ਪੂਰੀ-ਪੂਰੀ ਤਿਆਰੀ ਕਰ ਬੈਠਾ ਤਾਂ ਉਸ ਨੇ ਆਪਣੇ ਅਖਬਾਰ 'ਸੰਤ ਸੇਵਕ' ਵਿੱਚ ਖੁਲ੍ਹੇ ਤੌਰ 'ਤੇ ਕਹਿ ਦਿੱਤਾ ਕਿ ਜੇ ਸਿੱਖ ਨਨਕਾਣੇ ਸਾਹਿਬ ਆਏ ਤਾਂ ਉਨ੍ਹਾਂ ਦੀ ਮਿੱਝ ਕੱਢ ਦਿੱਤੀ ਜਾਵੇਗੀ।

ਮਹੰਤ ਨੇ 7 ਫਰਵਰੀ ਨੂੰ ਆਪਣੇ ਹਮਾਇਤੀਆਂ 'ਤੇ ਇਲਾਕੇ ਦੇ ਭੱਟੀ ਮੁਸਲਮਾਨਾਂ ਦਾ ਇਕੱਠ ਕੀਤਾ ਅਤੇ ਉਨ੍ਹਾਂ ਪਾਸੋਂ ਸਹੁੰਆਂ ਖੁਆ ਕੇ ਇਕਰਾਰ ਲਿਆ ਕਿ ਅਸੀਂ ਮਹੰਤ ਦੀ ਖਾਤਰ ਅਕਾਲੀਆਂ ਨਾਲ ਡੱਟ ਕੇ ਲੜਾਂਗੇ । ਮੰਗਲ ਸਿੰਘ ਕੂਕੇ ਨੇ ਵੀ ਇਸ ਇਕੱਠ ਵਿੱਚ ਤਕਰੀਰ ਕੀਤੀ । ਫੇਰ 14 ਫਰਵਰੀ ਨੂੰ ਇਕ ਹੋਰ ਇਕੱਠ ਕਰ ਕੇ ਮਹੰਤ ਨੇ ਮਤਾ ਪਕਾਇਆ **ਕਿ ਜਦ 5 ਮਾਰਚ ਨੂੰ ਸਾਰਾ ਪੰਥ ਨਨਕਾਣੇ ਸਾਹਿਬ ਜੁੜੇ, ਤਾਂ ਸਿੱਖ ਆਗੂਆਂ ਨੂੰ ਸਮਝੌਤੇ ਦਾ ਪੱਜ ਲਾ ਕੇ ਗੁਰਦੁਆਰੇ ਦੇ ਅੰਦਰ ਸੱਦਿਆ ਜਾਵੇ ਅਤੇ ਕਤਲ ਕਰ ਦਿੱਤਾ ਜਾਵੇ ।**

ਸਾਰੇ ਪੰਥ ਵਿੱਚ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਨੂੰ ਸੁਧਾਰਨ ਲਈ ਜੋਸ਼ ਠਾਠਾਂ ਮਾਰ ਰਿਹਾ ਸੀ । ਜ਼ਿਲ੍ਹਾ ਸ਼ੇਖੂਪੁਰਾ ਤੇ ਲਾਇਲਪੁਰ ਵਿੱਚ ਦੀਵਾਨ ਕੀਤੇ ਗਏ । ਭਾਈ ਲਛਮਣ ਸਿੰਘ ਜੀ ਧਾਰੋਵਾਲੀ ਨੇ ਜਥਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ । 17 ਫਰਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦੁਆਰੇ ਵਿੱਚ ਮੁੱਖੀ ਸਿੰਘਾਂ ਦੀ ਇਕੱਤਰਤਾ ਹੋਈ, ਜਿਸ ਵਿੱਚ ਜੱਥਾ ਲਿਜਾਣ ਬਾਰੇ ਵਿਚਾਰ ਕੀਤੀ ਗਈ ।

ਭਾਈ ਲਛਮਣ ਸਿੰਘ ਜੀ ਧਾਰੋਵਾਲੀ ਅਤੇ ਭਾਈ ਕਰਤਾਰ ਸਿੰਘ 'ਝੱਬਰ' ਇਸ ਮਤਲਬ ਲਈ ਜਥੇ ਤਿਆਰ ਕਰ ਰਹੇ ਸਨ । ਜਦ ਉਨ੍ਹਾਂ ਨੂੰ ਮਹੰਤ ਦੀ 14 ਫਰਵਰੀ ਨੂੰ ਕੀਤੀ ਸਲਾਹ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਫੈਸਲਾ ਕੀਤਾ ਕਿ ਪੰਥਕ ਇਕੱਠ ਲਈ ਮਿਥੇ ਦਿਨ ਤੋਂ ਪਹਿਲਾਂ ਸ੍ਰੀ ਨਨਕਾਣਾ ਸਾਹਿਬ ਪਹੁੰਚਿਆ ਜਾਵੇ ਅਤੇ ਮਹੰਤ ਦਾ ਇਹ ਕਾਰਾ ਰੋਕਿਆ ਜਾਵੇ । ਫੈਸਲਾ ਇਹ ਹੋਇਆ ਕਿ 19 ਫਰਵਰੀ ਦੀ ਸ਼ਾਮ ਨੂੰ ਦੋਵੇਂ ਜੱਥੇ ਸ੍ਰੀ ਨਨਕਾਣਾ ਸਾਹਿਬ ਤੋਂ ਕੁਝ ਮੀਲ ਦੂਰ ਪਿੰਡ ਚੰਦਰ ਕੋਟ ਪਹੁੰਚਣ ਅਤੇ ਅਗਲੇ ਦਿਨ ਸ੍ਰੀ ਨਨਕਾਣੇ ਸਾਹਿਬ ਜਾਣ ।

ਉਧਰੋਂ 19 ਫਰਵਰੀ ਨੂੰ 'ਅਕਾਲੀ' ਅਖਬਾਰ ਲਾਹੌਰ ਦੇ ਦ  ਤਰ ਵਿੱਚ ਸਿੱਖ ਮੁੱਖੀਆਂ ਦੀ ਇਕੱਤਰਤਾ ਹੋਈ, ਜਿਸ ਵਿੱਚ ਫੈਸਲਾ ਹੋਇਆ ਕਿ ਪੰਥਕ ਇਕੱਠ ਵਾਸਤੇ ਮਿਥੀ ਗਈ ਉੱਪਰ ਦੱਸੀ ਤਾਰੀਖ ਤੋਂ ਪਹਿਲਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਵੇ । ਭਾਈ ਕਰਤਾਰ ਸਿੰਘ 'ਝੱਬਰ' ਤੇ ਭਾਈ ਲਛਮਣ ਸਿੰਘ ਵੱਲ ਬੰਦੇ ਭਜਾਏ ਗਏ ਕਿ ਉਹ ਉਨ੍ਹਾਂ ਨੂੰ ਜਥੇ ਲਿਜਾਣੋਂ ਰੋਕਣ । ਜਿਹੜੇ ਬੰਦੇ ਭਾਈ ਕਰਤਾਰ ਸਿੰਘ 'ਝੱਬਰ' ਵੱਲ ਗਏ, ਉਹ ਤਾਂ ਉਸ ਨੂੰ ਖਰੇ ਸੌਦੇ ਜਾ ਮਿਲੇ ਅਤੇ ਚੋਖੀ ਬਹਿਸ ਕਰ ਕੇ ਉਨ੍ਹਾਂ ਦੇ ਜਥੇ ਨੂੰ ਜਾਣੋਂ ਰੋਕ ਲਿਆ । ਖਰੇ ਸੌਦੇ ਤੋਂ ਇਕ ਸੱਜਣ, ਸ: ਦਲੀਪ ਸਿੰਘ ਸ਼ਹੀਦ, ਦੋਂਹ ਸਾਥੀਆਂ ਸਮੇਤ ਚੰਦਰ ਕੋਟ ਪਹੁੰਚਿਆ, ਪਰ ਭਾਈ ਲਛਮਣ ਸਿੰਘ ਉਥੇ ਨਾ ਮਿਲਿਆ । ਸ: ਦਲੀਪ ਸਿੰਘ ਨਨਕਾਣਾ ਸਾਹਿਬ ਚਲਿਆ ਗਿਆ ।

ਭਾਈ ਲਛਮਣ ਸਿੰਘ ਜੀ 19 ਤਾਰੀਖ ਦੀ ਸ਼ਾਮ ਨੂੰ ਹਨੇਰੇ ਹੋਏ ਪਿੰਡੋਂ ਜਥਾ ਲੈ ਕੇ ਤੁਰ ਪਏ । ਉਨ੍ਹਾਂ ਦੇ ਨਾਲ 200 ਸਿੰਘ ਸਨ । ਉਹ 20 ਫਰਵਰੀ, ਸੰਨ 1921 ਨੂੰ ਸਵੇਰੇ ੬ ਵਜੇ ਸ੍ਰੀ ਨਨਕਾਣਾ ਸਾਹਿਬ ਪਹੁੰਚੇ । ਗੁਰਦੁਆਰੇ ਦੇ ਪਾਸ ਪਹੁੰਚੇ ਤਾਂ ਉਨ੍ਹਾਂ ਨੂੰ ਰੋਕਣ ਲਈ ਸ: ਦਲੀਪ ਸਿੰਘ ਦਾ ਭੇਜਿਆ ਬੰਦਾ ਮਿਲਿਆ । ਉਸ ਨੇ ਜਥੇ ਨੂੰ ਮੋੜਨ ਵਾਸਤੇ ਬੜਾ ਜ਼ੋਰ ਲਾਇਆ, ਪਰ ਉਨ੍ਹਾਂ ਨੇ ਉੱਤਰ ਦਿੱਤਾ ਕਿ ਅਸੀਂ ਅਰਦਾਸਾ ਸੋਧ ਕੇ ਆਏ ਹਾਂ, ਹੁਣ ਗੁਰਦੁਆਰੇ ਦੇ ਦਰਸ਼ਨ ਜ਼ਰੂਰ ਕਰਨੇ ਹਨ, ਪਿਛਾਂਹ ਨਹੀਂ ਮੁੜਨਾ । ਜਥਾ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਦਰਸ਼ਨਾਂ ਲਈ ਚਲਿਆ ਗਿਆ । ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬਹਿ ਗਏ ।

ਮਹੰਤ ਨਰਾਇਣ ਦਾਸ ਨੇ ਜਥੇ ਨੂੰ ਮਾਰ ਮੁਕਾਉਣ ਦੀ ਤਿਆਰੀ ਕੀਤੀ ਹੋਈ ਸੀ, ਮਿੱਟੀ ਦੇ ਤੇਲ ਦੇ ਪੀਪੇ, ਲੱਕੜਾਂ, ਛਵ੍ਹੀਆਂ, ਗੰਡਾਸੇ, ਬੰਦੂਕਾਂ ਤੇ ਕਾਰਤੂਸ ਚੋਖੇ ਮੰਗਵਾਏ ਹੋਏ ਸਨ ਅਤੇ ਬਹੁਤ ਸਾਰੇ ਗੁੰਡੇ ਬਦਮਾਸ਼ ਵੀ ਸੱਦੇ ਹੋਏ ਸਨ । ਜਦ ਜਥਾ ਜਨਮ ਅਸਥਾਨ ਦੇ ਅੰਦਰ ਦਾਖਲ ਹੋ ਗਿਆ ਤਾਂ ਬਾਹਰਲੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਅਤੇ ਜਥੇ ਉੱਪਰ ਗੋਲੀਆਂ ਦੀ ਬਰਖਾ ਕੀਤੀ ਗਈ । ਫੇਰ ਛਵ੍ਹੀਆਂ ਤੇ ਗੰਡਾਸਿਆਂ ਨਾਲ ਸਿੱਖਾਂ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ ਗਿਆ । ਭਾਈ ਲਛਮਣ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਿਆਂ ਨੂੰ ਹੀ ਸ਼ਹੀਦ ਕਰ ਦਿੱਤਾ ਗਿਆ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ

ਵਿੱਚ ਕਈ ਗੋਲੀਆਂ ਲੱਗੀਆਂ। ਕਈ ਸਿੰਘ ਜੀਉਂਦੇ ਹੀ ਤੇਲ ਪਾ ਕੇ ਸਾੜੇ ਗਏ।

ਸਰਦਾਰ ਦਲੀਪ ਸਿੰਘ ਜੀ ਸ਼ਹੀਦ ਉਸ ਵੇਲੇ ਸ: ਉੱਤਮ ਸਿੰਘ ਦੇ ਕਾਰਖਾਨੇ ਵਿੱਚ ਸਨ। ਜਦ ਉਨ੍ਹਾਂ ਨੇ ਗੋਲੀਆਂ ਦੀ ਆਵਾਜ਼ ਸੁਣੀ, ਤਾਂ ਉਹ ਗੁਰਦੁਆਰੇ ਵੱਲ ਵਗ ਤੁਰੇ। ਜਦ ਉਹ ਗੁਰਦੁਆਰੇ ਦੇ ਨੇੜੇ ਪੁੱਜੇ, ਤਾਂ ਮਹੰਤ ਦੇ ਬੰਦਿਆਂ ਨੇ ਉਸ ਦੇ ਹੁਕਮ ਨਾਲ ਸਰਦਾਰ ਹੋਰਾਂ ਉੱਪਰ ਛਵ੍ਹੀਆਂ ਤੇ ਗੰਡਾਸਿਆਂ ਨਾਲ ਹੱਲਾ ਕੀਤਾ ਅਤੇ ਉਨ੍ਹਾਂ ਨੂੰ ਫੱਟੜ ਕਰ ਕੇ ਭਖਦੀ ਭੱਠੀ ਵਿੱਚ ਸੁੱਟ ਦਿੱਤਾ।

ਇਸ ਖੂਨੀ ਸਾਕੇ ਤੋਂ ਅਗਲੇ ਦਿਨ, 21 ਫਰਵਰੀ ਸੰਨ 1921 ਨੂੰ, ਮੁੱਖੀ ਸਿੱਖ ਅਤੇ ਅਨ-ਗਿਣਤ ਸਿੱਖ ਸੰਗਤਾਂ ਸ੍ਰੀ ਨਨਕਾਣੇ ਸਾਹਿਬ ਪੁੱਜ ਗਈਆਂ, ਉਸੇ ਦਿਨ ਸ਼ਾਮ ਨੂੰ ਸਰਕਾਰ ਨੇ ਗੁਰਦੁਆਰਾ ਜਨਮ ਅਸਥਾਨ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤੀਆਂ। ਇਸ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥ ਦੇ ਹੱਥ ਵਿੱਚ ਆ ਗਿਆ। 23 ਫਰਵਰੀ ਨੂੰ ਸ਼ਹੀਦਾਂ ਦਾ ਸੰਸਕਾਰ ਕੀਤਾ ਗਿਆ। ਇਸ ਸਾਕੇ ਨੇ ਸਾਰੇ ਪੰਥ ਨੂੰ ਤੜਪਾ ਦਿੱਤਾ ਤੇ ਇਸ ਦੀ ਯਾਦ ਵਿੱਚ ਲੱਖਾਂ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਦੇ ਹੁਕਮ ਮੁਜਬ, ਕਾਲੇ ਦਸਤਾਰੇ ਸਜਾਏ।

ਮਹੰਤ ਨਰਾਇਣ ਦਾਸ ਅਤੇ ਉਸ ਦੇ ਕੁਝ ਸਾਥੀਆਂ ਉੱਤੇ ਸਰਕਾਰ ਨੇ ਮੁਕੱਦਮਾ ਚਲਾਇਆ। ਸੈਸ਼ਨ ਜੱਜ ਨੇ ਮਹੰਤ ਤੇ ਉਸ ਦੇ 7 ਸਾਥੀਆਂ ਨੂੰ ਫਾਂਸੀ ਦੀ, ਅੱਠਾਂ ਨੂੰ ਕਾਲੇ ਪਾਣੀ ਦੀ ਅਤੇ 16 ਪਠਾਣਾਂ ਨੂੰ 7-7 ਸਾਲ ਦੀ ਕੈਦ ਦੀ ਸਜ਼ਾ ਦਾ ਹੁਕਮ ਦਿੱਤਾ। ਅਪੀਲ ਹੋਣ ਉੱਤੇ ਹਾਈ ਕੋਰਟ ਨੇ ਮਹੰਤ ਦੀ ਫਾਂਸੀ ਦੀ ਸਜ਼ਾ ਹਟਾ ਕੇ ਕਾਲੇ ਪਾਣੀ ਦੀ ਕਰ ਦਿੱਤੀ। ਉਸ ਦੇ ਕੇਵਲ ਤਿੰਨਾਂ ਸਾਥੀਆਂ ਦੀ ਫਾਂਸੀ ਸਜ਼ਾ ਕਾਇਮ ਰਹੀ ਅਤੇ ਅੱਠਾਂ ਵਿੱਚੋਂ ਕੇਵਲ ਦੋਂਹ ਦੀ ਕਾਲੇ ਪਾਣੀ ਦੀ ਸਜ਼ਾ ਕਾਇਮ ਰਹੀ। ਬਾਕੀ ਦੇ ਸਾਰੇ ਬਰੀ ਕਰ ਦਿੱਤੇ ਗਏ।

ਕੁਝ ਚਿਰ ਮਗਰੋਂ ਸ੍ਰੀ ਨਨਕਾਣਾ ਸਾਹਿਬ ਦੇ ਮਾਲ ਜੀ ਸਾਹਿਬ, ਕਿਆਰਾ ਸਾਹਿਬ, ਬਾਲ ਲੀਲ੍ਹਾ ਸਾਹਿਬ ਆਦਿ ਗੁਰਦੁਆਰੇ ਵੀ ਪੰਥਕ ਪ੍ਰਬੰਧ ਹੇਠ ਆ ਗਏ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਸਰਕਾਰ ਨੇ ਸਿੱਖਾਂ ਨਾਲ ਹਮਦਰਦੀ ਪ੍ਰਗਟ ਕੀਤੀ, ਪਰ ਇਹ ਹਮਦਰਦੀ ਵਿਖਾਵੇ ਮਾਤਰ ਅਤੇ ਥੋੜ-ਚਿਰੀ ਨਿਕਲੀ। ਛੇਤੀ ਹੀ ਸਰਕਾਰ ਨੇ ਸੁਧਾਰਕ ਸਿੱਖਾਂ ਉੱਪਰ ਸਖਤੀ ਕਰਨੀ ਸ਼ੁਰੂ ਕਰ ਦਿੱਤੀ। ਚੋਖਿਆਂ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿੱਤੀ ਗਈ।

ਧੰਨਵਾਦ ਸਹਿਤ :- ਸਿੱਖ ਇਤਿਹਾਸ ਭਾਗ-੨
ਸ਼੍ਰੋ.ਗੁ.ਪ੍ਰ.ਕ.ਅੰਮ੍ਰਿਤਸਰ

---

## Honey & Cinnamon (Part 1)

Dr. S.S.Walia
(Homeopath)

### Introduction

- It is found that mixture of Honey and Cinnamon cures most of the diseases.
- Honey is produced in most of the countries of the world.
- Ayurvedic as well as Yunani medicine have been using honey as a vital medicine for centuries.
- Scientists of today also accept honey as a Ram Ban (very effective) medicine for all kinds of diseases.
- Honey can be used without any side effects for any kind of diseases.
- Today's science says that even though honey is sweet, if taken in the right dosage as a medicine, it does not harm diabetic patients also.
- A famous magazine named Weekly World News published in Canada dated 17 January, 95 has given a list of diseases that can be cured by Honey and Cinnamon as researched by western scientists.

## Arthritis

- Take one part honey to two parts of luke warm water and add a small teaspoon of cinnamon powder, make a paste and massage it on the itching part of the body slowly.
- It is noticed that the pain recedes within a minute or two.
- Or arthritis patients may daily, morning and night take one cup of hot water with two spoons of honey and one small teaspoon of cinnamon powder.
- If drunk regularly even chronic arthritis can be cured.
- In a recent research done at the Copenhagen University, it was found that when the doctors treated their patients with a mixture of one tablespoon Honey and half teaspoon cinnamon powder before breakfast, they found that within a week out of the 200 people so treated practically 73 patients were totally relieved of pain and within a month, mostly all the patients who could not walk or move around because of arthritis started walking without pain.

## Hair Loss

- Those suffering from hair loss or baldness, may apply a paste of hot olive oil, one tablespoon of honey, one teaspoon of cinnamon powder before bath and keep it for approx. 15 min. and then wash the hair.
- It was found very effective if kept for 5 mins. also.

## Bladder Infections

- Take two tablespoons of cinnamon powder and one teaspoon of honey in a glass of luke warm water and drink it.
- It destroys the germs of the bladder.

## Skin Infections

- Eczema, ringworm and all types of skin infections are cured by applying honey and cinnamon powder in equal parts on the affected parts.

## Weight Loss

- Daily in the morning, ½ hour before breakfast on an empty stomach and at night before sleeping, drink honey and cinnamon powder boiled in one cup water.
- If taken regularly it reduces the weight of even the most obese person.
- Also drinking of this mixture regularly does not allow the fat to accumulate in the body even though the person may eat a high calorie diet.

## Cancer

- Recent research in Japan and Australia has reveled that advanced cancer of the stomach and bones have been cured successfully.

- **Patients suffering from these kinds of cancer should daily take one tablespoon of honey with one teaspoon of cinnamon powder for one month 3 times a day.**

## Fatigue

- **Recent studies have shown that the sugar content of honey is more helpful than detrimental to the body strength.**
- **Senior citizens who take honey and cinnamon power in equal parts are more alert and flexible.**
- **Dr. Milton who has done research says that half tablespoon honey taken in one glass of water and sprinkled with cinnamon powder, taken daily after brushing and in the afternoon at about 3.00 p.m. when the vitality of the body starts decreasing, increases the vitality of the body within a week.**

## Bad Breath

- **People of South America, first thing in the morning gargle with one teaspoon of honey and cinnamon powder mixed in hot water.**
- **So their breath stays fresh throughout the day.**

## Hearing Loss

- **Daily morning and night honey and cinnamon powder taken in equal parts restores hearing.**

**End Of Part - 1**

## ਗਤੀਵਿਧੀਆਂ ਜਨਵਰੀ 2016:-

### 1. ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੂਰਬ :-

<u>ਪ੍ਰਭਾਤ ਫੇਰੀਆਂ</u> ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦੀ ਅਰੰਭਤਾ ਗੁਰਦੁਆਰਾ ਸਾਹਿਬ ਗੁਰਮਤਿ ਪ੍ਰਸਾਰ ਭਵਨ ਤੋਂ 11-01-2016 ਨੂੰ ਹੋਈ ਜਿਸ ਦੀ ਸਮਾਪਤੀ 15-01-2016 ਨੂੰ ਕੀਤੀ ਗਈ । ਸੰਗਤਾ ਨੇ ਵੱਡੀ ਗਿਣਤੀ ਵਿੱਚ ਹਰ ਰੋਜ਼ ਹਾਜ਼ਰੀਆਂ ਭਰੀਆਂ ।

<u>ਗੁਰਮਤਿ ਸਮਾਗਮ</u> ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਮਿਤੀ 16-01-2016 ( ਸ਼ਨੀਵਾਰ) ਨੂੰ ਸਵੇਰੇ 5.00 ਵਜੇ ਤੋਂ 10.30 ਵਜੇ ਤੱਕ ਗੁਰਮਤਿ ਸਮਾਗਮ ਹੋਏ ਜਿਸ ਵਿੱਚ ਪ੍ਰਭਾਤ ਫੇਰੀਆਂ ਵਿੱਚ ਹਾਜ਼ਰ ਹੋਣ ਵਾਲੀ ਸੰਮੂਹ ਸਾਧ ਸੰਗਤ ਤੇ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਇਲਾਹੀ ਬਾਣੀ ਦੇ ਕੀਰਤਨ ਕੀਤੇ ਤੇ ਭਾਈ ਹਰਵੀਰ ਸਿੰਘ ਵਾਇਸ ਪ੍ਰਿੰਸੀਪਲ ਨੇ ਗੁਰਮਤਿ ਵਿਚਾਰਾ ਰਾਹੀ ਸੇਵਾ ਨਿਭਾਈ। ਸਮਾਪਤੀ ਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਾਏ ਗਏ ।

**2. <u>ਨਾਨਕਸ਼ਾਹੀ ਜੰਤਰੀ ਅਨੁਸਾਰ ਮਾਘ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-</u>** ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਨਾਂਉਦੇ ਹੋਏ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਮਿਤੀ 12-1-2016 ਤੋਂ ਸ਼੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ ਜਿਸ ਦੇ ਭੋਗ 14-1-2016 ਨੂੰ ਸਵੇਰ ਦੇ ਸਮੇਂ ਪਾਏ ਗਏ।

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-1-2016 ਦਿਨ ਵੀਰਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ"**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥**" ਦੇ ਵਿਸ਼ੇ ਤੇ ਆਯੋਜਿਤ ਕੀਤਾ ਗਿਆ। ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਤੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਕੀਰਤਨ ਰਾਹੀਂ ਸੇਵਾ ਨਿਭਾਈ ।ਭਾਈ ਹਰਵੀਰ ਸਿੰਘ ਵਾਇਸ ਪ੍ਰਿੰਸੀਪਲ ਨੇ ਗੁਰਮਤਿ ਵਿਚਾਰਾ ਰਾਹੀ ਸੇਵਾ ਨਿਭਾਈ। ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

**3. ਪਾਠ ਬੋਧ ਸਮਾਗਮ ਦੀ ਸੰਪੂਰਨਤਾ ਤੇ ਸ਼ੁਕਰਾਨੇ ਵਜੋਂ ਜੀਵਨ ਜੁਗਤਿ ਸਮਾਗਮ:-** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਬੋਧ ਸਮਾਗਮ ਸੋਸਾਇਟੀ ਦੇ ਸਹਿਯੋਗ ਨਾਲ ਮਿਤੀ 19 ਅਪ੍ਰੈਲ 2015 ਤੋਂ ਸ਼ਾਮ 7.15 ਤੋਂ 8.30 ਤੱਕ ਹਰ ਰੋਜ਼ ਗੁਰਦੁਆਰਾ ਸਾਹਿਬ ਸਾਚਾ ਧੰਨ, ਮੋਹਾਲੀ ਵਿਖੇ ਅਰੰਭ ਕੀਤੇ ਗਏ । ਪਾਠ ਬੋਧ ਦੀ ਸੇਵਾ ਗਿਆਨੀ ਸਾਹਿਬ ਸਿੰਘ ਜੀ ਸ਼ਾਹਬਾਦ ਮਾਰਕੰਡਾ ,ਗਿਆਨੀ ਕੇਵਲ ਸਿੰਘ ਜੀ ਸਾਬਕਾ ਜਥੇਦਾਰ , ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ,ਪ੍ਰੋਫੈਸਰ ਮਨਿੰਦਰਪਾਲ ਸਿੰਘ ਜੀ ਚੌਤਾਂ ਕਲਾ , ਗਿਆਨੀ ਜਸਵਿੰਦਰ ਸਿੰਘ ਜੀ ਹੈੱਡ ਗ੍ਰੰਥੀ ਗੁਰਦੁਆਰਾ ਸਾਚਾ ਧੰਨ ਮੋਹਾਲੀ ਜੀ ਨੇ ਨਿਭਾਈ । ਸਮਾਗਮ ਦੀ ਸਮਾਪਤੀ 14-1-2016 ਨੂੰ ਹੋਈ ਹੈ । 150 - 200 ਤੱਕ ਸੰਗਤਾਂ ਨੇ ਹਾਜਰੀਆਂ ਭਰੀਆਂ । ਸਮਾਗਮ ਦੌਰਾਨ ਸੋਸਾਇਟੀ ਵਲੋਂ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਗਏ ਪੈਮਫਲਿਟ "ਗੁਰਬਾਣੀ ਪਾਠ ਬੋਧ ਲਈ ਮੁੱਢਲੀ ਜਾਣਕਾਰੀ" ਸੰਗਤਾਂ ਦੀ ਭੇਟ ਕੀਤੀ ਗਈ ।

**ਵਿਸ਼ੇਸ਼ ਸ਼ੁਕਰਾਨਾ ਸਮਾਗਮ :** ਪਾਠ ਬੋਧ ਸਮਾਗਮ ਦੀ ਸਫਲਤਾ ਸਹਿਤ ਸੰਪੂਰਨਤਾ ਤੇ 23-1-2016 ਅਤੇ 24-1-2016 ਨੂੰ ਸ਼ੁਕਰਾਨੇ ਵਜੋਂ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ । ਇਹ ਸਮਾਗਮ ਦੀ ਸੇਵਾ ਸੋਸਾਇਟੀ ਨੇ ਨਿਭਾਈ । 23-1-2016 ਨੂੰ ਕੀਰਤਨ ਦੀ ਸੇਵਾ ਸ. ਬਲਵਿੰਦਰ ਸਿੰਘ ਸਾਗਰ ਨੇ ਨਿਭਾਈ । ਉਸ ਤੋਂ ਉਪਰੰਤ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜਨਰਲ ਸਕਤ੍ਰ ਨੇ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀਵਨ ਜਾਚ" ਤੇ ਸਲਾਈਡ ਸੋ ਰਾਹੀ ਸੰਗਤਾਂ ਨੂੰ ਗੁਰਮਤਿ ਸਿਧਾਂਤ ਦ੍ਰਿੜ ਕਰਵਾਏ ।





24-01-2016 ਨੂੰ ਕੀਰਤਨ ਦੀ ਸੇਵਾ ਸੋਸਾਇਟੀ ਦੇ ਕੀਰਤਨੀ ਜੱਥੇ ਭਾਈ ਸੁਖਵਿੰਦਰ ਸਿੰਘ ਤੇ ਸਾਥੀਆਂ ਨੇ ਨਿਭਾਈ। ਉਸਤੋਂ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਬੰਧੀ ਜਾਣਕਾਰੀ ਤੇ ਇੱਕ Quiz ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਨੇ ਆਯੋਜਿਤ ਕੀਤਾ। ਜਿਸ ਵਿੱਚ ਤਕਰੀਬਨ 150 ਪ੍ਰਾਣੀਆਂ ਨੇ ਹਿੱਸਾ ਲਿਆ। ਹਿੱਸਾ ਲੈਣ ਵਾਲਿਆਂ ਨੂੰ ਇਨਾਮ ਦੇ ਕੇ ਉਤਸਾਹਿਤ ਕੀਤਾ ਗਿਆ।

ਸੰਗਤਾਂ ਨੇ ਇਸ ਉਪਰਾਲੇ ਦੀ ਭਰਵੀ ਸ਼ਲਾਘਾਂ ਕੀਤੀ ਅਤੇ ਇੱਕ ਹੋਰ ਪ੍ਰੋਗਰਾਮ ਛੇਤੀ ਹੀ ਕਰਨ ਦੀ ਮੰਗ ਕੀਤੀ ਜਿਸ ਨੂੰ ਪ੍ਰਵਾਨ ਕਰ ਲਿਆ ਗਿਆ।






## ਫਰਵਰੀ ਮਹੀਨੇ ਦੇ ਸਮਾਗਮ:-

**1. ਨਾਨਕਸ਼ਾਹੀ ਜੰਤਰੀ ਅਨੁਸਾਰ ਫੱਗਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ**:- ਮਿਤੀ 13-02-2016 ਦਿਨ ਸ਼ਨੀਵਾਰ ਨੂੰ ਸ਼ਾਮ 6.00 ਤੋਂ 9.00 ਤੱਕ **"ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ"** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਅਯੋਜਿਤ ਕੀਤਾ ਜਾਵੇਗਾ। ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਰਾਗ ਭੈਰਉ

ਥਾਟ – ਭੈਰਉ ਸੁਰ –ਰਿਸ਼ਭ ਧੈਵਤ ਕੋਮਲ ਬਾਕੀ ਸ਼ੁਧ ਵਰਜਿਤ ਸੁਰ–ਕੋਈ ਨਹੀ
ਜਾਤੀ–ਸੰਪੂਰਨ–ਸੰਪੂਰਨ ਵਾਦੀ–ਕੋਮਲ ਧੈਵਤ (ਧੁ) ਸੰਵਾਦੀ–ਕੋਮਲ ਰਿਸ਼ਭ (ਰੁੇ)
ਸਮਾਂ–ਦਿਨ ਦਾ ਪਹਿਲਾ ਪਹਿਰ ਆਰੋਹ – ਸ ਰੁੇ, ਗ ਮ ਪ ਧੁ, ਨੀ ਸਂ ।
ਅਵਰੋਹ – ਸਂ ਨੀ ਧੁ ਧੁ ਪ, ਮ ਪ ਗ ਮ ਰੁੇ ਰੁੇ ਸ ।
ਪਕੜ – ਗ ਮ ਧੁ ਪ, ਮ ਪ ਗ ਮ ਰੁੇ ਸ ।

## ਰਾਗ ਭੈਰਉ ਤਿੰਨ ਤਾਲ ਮੱਧ ਲੈਅ

| ਤਾਲ ਚਿੰਨ੍ਹ | 1 2 3 4<br>0 | 5 6 7 8<br>2 | 1 2 3 4<br>0 | 5 6 7 8<br>2 |
|---|---|---|---|---|
| | | | ਗ ਮ ਧੁ ਧੁ<br>ਕਿਆ ऽ ਕ ਹੀ | ਪ ਪ ਧੁਧੁ ਪਮ<br>ਐ ऽ ਕਿऽ ਛऽ |
| | ਪ ਪ ਗ ਮ<br>ਕ ਹੀ ऽ ਨ | ਰੁੇ – ਸ –<br>ਜਾ ऽ ਇ ऽ | ਸ ਰੁੇ ਗ ਮ<br>ਜੋ ऽ ਕਿ ਛ | ਪ ਧੁ ਨੀ ਸਂ<br>ਅ ਹੈ ਸ ਭ |
| | ਸਂ ਨੀ ਧੁ ਪ<br>ਤੇ ऽ ਰੀ ਰ | ਮ ਗ ਰੁੇ ਸ<br>ਜਾ ऽ ਇ ऽ | ਸ ਰੁੇ ਗ ਮ<br>ਜੋ ऽ ਕਿ ਛ | ਪ ਧੁ ਨੀ ਸਂ<br>ਅ ਹੈ ਸ ਭ |
| | ਸਂਨੀ ਧੁਨੀ ਸਂਰੁੇਂ ਸਂਨੀ<br>ਤੇऽ ऽऽ ਰੀऽ ਰऽ | ਧੁਨੀ ਧੁਪ ਮਗ ਰੁੇਸ<br>ਜਾऽ ऽ ਇऽ ऽऽ | | |
| | | | ਮ ਮ ਪ –<br>ਤੁ ਝ ਤੇ ऽ | ਧੁ ਧੁ ਨੀ ਨੀ<br>ਬਾ ऽ ਹ ਰ |
| | ਸਂ ਸਂ – ਸਂ<br>ਕਿ ਛੂ ऽ ਨ | ਸਂ ਰੁੇਂ ਸਂ –<br>ਹੋ ऽ ਇ ऽ | ਸਂ ਰੁੇਂ– ਗਂ ਮਂ<br>ਤੂੰ ਕਰਿ ਕ ਰਿ | ਗਂ ਰੁੇਂ ਸਂ– ਸਂ<br>ਦੇ ऽ ਖਹਿ ऽ |
| | ਸਂਨੀ ਸਂ ਧੁ– ਪ<br>ਜਾऽ ऽ ਣਹਿ ਸ | ਮਗ ਮ ਰੁੇ ਸ<br>ਸੋऽ ਸ ਇ ऽ | ਸ ਰੁੇ– ਗ ਮ<br>ਤੂੰ ਕਰਿ ਕ ਰਿ | ਪ ਧੁ ਨੀ ਸਂ<br>ਦੇ ऽ ਖਹਿ ऽ |
| | ਸਂਨੀ ਧੁਨੀ ਸਂਰੁੇਂ ਸਂਨੀ<br>ਜਾऽ ऽऽ ਣਹਿ ऽऽ | ਧੁਨੀ ਧੁਪ ਮਗ ਰੁੇਸ<br>ਸੋऽ ऽऽ ਇऽ ऽऽ | | |

ਭੈਰਉ ਮਹਲਾ ੧ ਘਰੁ ੧ ਚਉਪਦੇ
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ
ਤੁਝ ਤੇ ਬਾਹਰਿ ਕਿਛੂ ਨ ਹੋਇ ॥ ਤੂ ਕਰਿ ਕਰਿ ਦੇਖਹਿ ਜਾਣਹਿ ਸੋਇ ॥੧॥
ਕਿਆ ਕਹੀਐ ਕਿਛੁ ਕਹੀ ਨ ਜਾਇ ॥ ਜੋ ਕਿਛੁ ਅਹੈ ਸਭ ਤੇਰੀ ਰਜਾਇ ॥੧॥ ਰਹਾਉ ॥
ਜੋ ਕਿਛੁ ਕਰਣਾ ਸੁ ਤੇਰੈ ਪਾਸਿ ॥ ਕਿਸੁ ਆਗੈ ਕੀਚੈ ਅਰਦਾਸਿ ॥੨॥
ਆਖਣੁ ਸੁਨਣਾ ਤੇਰੀ ਬਾਣੀ ॥ ਤੂ ਆਪੇ ਜਾਣਹਿ ਸਰਬ ਵਿਡਾਣੀ ॥੩॥
ਕਰੇ ਕਰਾਏ ਜਾਣੈ ਆਪਿ ॥ ਨਾਨਕ ਦੇਖੈ ਥਾਪਿ ਉਥਾਪਿ ॥੪॥੧॥ ਪੰਨਾ– ੧੧੨੫–ਰਾਗੁ

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਜਨਵਰੀ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| Sr. No. | Name of Deptt. | No. of Patients | | |
|---|---|---|---|---|
| | | New | Old | Total |
| 1. | General Medical | 95 | 134 | 229 |
| 2 | Eye | 10 | 12 | 22 |
| 3 | Cardiology | 08 | 32 | 40 |
| 4 | Dental | 32 | 77 | 109 |
| 5 | Gynaecology | 12 | 25 | 37 |
| 6 | Homoeopathy | 20 | 168 | 188 |
| 7 | Physiotherapy | 07 | 23 | 30 |
| | Total | 184 | 471 | 655 |
| | Laboratory | 47 | - | 47 |

## ਧੰਨਵਾਦ :

## ਦਸੰਬਰ 2015 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. D.P Singh #393/Phase 9/Mohali 12,000/-
2. S.Birinder Singh #6A/Sunny Enclave 500/-
3. All Indian Sikh Federation(Regd.) D-9 Green Park Extn. New Delhi 49,000/-
4. S. Dhanwant Singh #447/Phase 4/Mohali 500/-
5. Bibi Surjit Kaur #1444/Sec 34C/Chd 2,000/-
6. S. Narinder Bir Singh #1444/34C/Chd 2,000/-
7. Bibi Hardeep Kaur #53/Sec. 70/Mohali 15,000/-
8. S. Narinder Bir Singh #1444/Sec 34C 2,000/-
9. Bibi Harsharan Kaur Sethi #1440/34C/Chd500/-
10. Mrs. Sagari Thapar #78/Phase 6/Mohali 500/-
11. S. Parkash Singh #2214/1/Sec. 45C/Chd 1,500/-
12. Bibi Daljit Kaur Oberoi #278/33A/Chd 10,000/-
13. Bibi Daljit Kaur #1729/Sec. 33D/Chd 2,000/-
14. Col. H.S Uppal #306/Sec 33A/Chd 20,000/-
15. S. Harvir Singh/Gurmat Parsar Bhawan Mundi Kharar 1100/
16. S. Gurpratap Singh/Mundi Kharar 101/-
17. S. Simranjit Singh 500/-
18. S. Pritpal Singh #1549/Sec 34-D/Chd 1,000/-
19. Bibi Daljit Kaur #1549/Sec. 34D/Chd 1,200/-
20. S. Bhagwant Singh Chadha #2468/Sec. 40C/Chd 500/-
21. S. Dilbagh Singh/Satkar Properties 500/-
22. Bibi Surinderjit Kaur/Mundi Kharar 2,000/-
23. S. Amarjit Singh/Mundi Kharar 100/-
24. S. Mohinder Singh/Mundi Kharar 100/-
25. S. Yadwinder Singh/Mundi Kharar 1100/-
26. Dr. Satwant Singh/Aastha Enclave Kharar 100/-
27. S. Tarundeep Singh Sachar/ # EA-136/Maya Enclave/New Delhi 20,000/-
28. S. Balwinder Singh Sagar #2506/Phase 7/Mohali 5,100/-
29. Bibi Kulwant Kaur #1322/Sec. 34C/Chd 1,100/-
30. Sewak Charitable Trust(Regd.) SCO 1104-05 Sec. 22B,Chd 75,00/-
31. Bibi. Kulwant Kaur #89/Phase -3BI/Mohali 7500/-
32. Bibi Rajleen Kaur #461/Sec 44A/Chd 500/-
33. Bibi. Harleen Kaur Sarna #107G, Shivalik Vihar Naya Goan, Mohali 500/-
34. Bibi Harpreet Kaur #461/Sec 44A/Chd 500/-
35. S. Harsharnpal Singh Bhatia #461/Sec 44A/Chd 500/-
36. Bibi Gurdeep Kaur #461/Sec 44A/Chd 500/-
37. Vijay Kumar # 111/Ram Darbar/PhI/Chd. 100/-
38. S. Gursharanjit Singh #404/Ph11/Mohali 1,000/-
39. S. Kulwant Singh #H.I.G. 141/71/Mohali 2,000/-
40. S. Surinder Singh #630/Ph3BI/Mohali 100/-
41. S. Bakhshish Singh/Mohali 500/-
42. Dr. Paramjit Singh #257/Phase 7/Mohali 500/-
43. Bibi Narinder Kaur #800/Sec. 43B/Chd 600/-
44. Uday Ameek Singh #461/Sec. 43B/Chd. 100/-
45. Bibi Harbans Kaur #1443/Sec. 34C/Chd 3,100/-
46. Dr. Saranjit Singh #2817/Phase 7/Mohali 2,000/-
47. Bhai Balwinder Singh/ Gurdwara Sahib Chhaju Majra/M.K 500/-
48. derjeet Singh# 171/Phase-6/Mohali 20,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।